# 41
# ਠ੍ਹਾ ਕਰਕੇ ਦਰਵਾਜ਼ਾ ਮਾਰਨ ਵਾਲੇ
## (15:1-31)

ਮੰਜ਼ਿਲ ਦੇ ਖ਼ਿਆਲਾਂ ਵਿਚ ਡੁੱਬਾ ਮੈਂ ਕਾਰ ਚਲਾ ਰਿਹਾ ਸਾਂ ਅਤੇ ਮੈਨੂੰ ਧਿਆਨ ਹੀ ਨਹੀਂ ਰਿਹਾ ਕਿ ਮੈਂ ਕਿੱਥੇ ਹਾਂ, ਤਦੇ ਮੇਰੀ ਕਾਰ ਕਿਸੇ ਚੀਜ਼ ਨਾਲ ਟਕਰਾਈ ਅਤੇ ਮੈਂ ਆਪਣੀ ਸੀਟ ਤੋਂ ਐਨੀ ਜ਼ੋਰ ਨਾਲ ਉੱਛਲਿਆ ਕਿ ਮੇਰਾ ਸਿਰ ਕਾਰ ਦੀ ਛੱਤ ਨਾਲ ਜਾ ਵੱਜਾ। ਆਪਣੇ ਆਪ ਨੂੰ ਸੰਭਾਲਣ ਤੇ ਮੈਂ ਵੇਖਿਆ ਕਿ ਮੈਂ ਇਕ ਸਕੂਲ ਦੇ ਸਾਹਮਣੇ ਸਾਂ ਅਤੇ ਸਕੂਲ ਵਾਲਿਆਂ ਨੇ ਵਿਦਿਆਰਥੀਆਂ ਦੀ ਸੁਰੱਖਿਆ[1] ਲਈ ਕਾਰਾਂ ਆਦਿ ਦੀ ਰਫ਼ਤਾਰ ਘੱਟ ਕਰਨ ਵਾਸਤੇ ਸੜਕ ਉੱਤੇ ਇਕ ਬ੍ਰੇਕਰ[2] ਲਾਇਆ ਹੋਇਆ ਸੀ। ਰਸੂਲਾਂ ਦੇ ਕੰਮ ਪੜ੍ਹਦੇ ਹੋਏ ਅਧਿਆਇ 15 ਤਕ ਪਹੁੰਚਣ ਤੇ ਮੈਨੂੰ ਉਸ ਬ੍ਰੇਕਰ ਦੀ ਠੋਕਰ ਲੱਗਣ ਵਾਂਗ ਹੀ ਲਗਦਾ ਸੀ। ਪੌਲੁਸ ਆਪਣੀਆਂ ਮਿਸ਼ਨਰੀ ਯਾਤਰਾਵਾਂ ਨੂੰ ਸ਼ੁਰੂ ਕਰਨ ਹੀ ਵਾਲਾ ਸੀ ਪਰ ਮੈਨੂੰ ਲਗਦਾ ਸੀ ਕਿ ਉਹ ਇੰਜੀਲ ਦੇ ਪ੍ਰਚਾਰ ਨਵੇਂ ਥਾਵਾਂ ਤੇ ਜਾਣ ਦੇ ਆਪਣੇ ਆਖ਼ਰੀ ਕੰਢੇ ਉੱਤੇ ਸੀ। ਜਦ ਕਿ ਠੋਕਰ ਨਾਲ ਕਲੀਸੀਆ ਦੀ ਇਕ ਖਲਬਲੀ, ਭਾਵ ਇਕ ਝਗੜੇ ਬਾਰੇ ਦੱਸਣ ਲਈ ਲੂਕਾ ਨੇ ਜ਼ੋਰ ਨਾਲ ਅਵਾਜ਼ ਦੇ ਕੇ ਰੋਕ ਦਿੱਤਾ, ਜਿਹਦਾ ਮੇਰੇ ਨਾਲ ਕੋਈ ਵਾਸਤਾ ਨਹੀਂ ਸੀ (ਮੈਨੂੰ ਇਵੇਂ ਹੀ ਲਗਦਾ ਸੀ)।

ਕਈ ਸਾਲ ਬੀਤ ਗਏ ਹਨ ਅਤੇ ਰਸੂਲਾਂ ਦੇ ਕੰਮ 15 ਅਧਿਆਇ ਦੇ ਮੇਰੇ ਮੁਲਾਂਕਣ ਵਿਚ ਸੁਧਾਰ ਹੋ ਚੁੱਕਾ ਹੈ। ਉਸ ਅਧਿਆਇ ਦੇ ਪਹਿਲੇ ਭਾਗ ਦੀਆਂ ਘਟਨਾਵਾਂ *ਬੇਹੱਦ ਅਹਿਮ* ਹਨ। ਜਿਵੇਂ ਕਿ ਲੂਕਾ ਵੱਲੋਂ ਉਨ੍ਹਾਂ ਨੂੰ ਥਾਂ ਦੇਣ ਤੋਂ ਹੀ ਪਤਾ ਲਗਦਾ ਹੈ। ਜੇ ਉਸ ''ਖਲਬਲੀ'' (ਝਗੜੇ) ਦਾ ਹੱਲ ਨਾ ਕੀਤਾ ਜਾਂਦਾ, ਤਾਂ ਹੋ ਸਕਦਾ ਸੀ ਕਿ ਇਹਦੇ ਬਾਅਦ ਕੋਈ ਹੋਰ ਮਿਸ਼ਨਰੀ ਯਾਤਰਾ ਨਾ ਕਰਦਾ। ਹੁਣ ਮੈਨੂੰ ਅਹਿਸਾਸ ਹੁੰਦਾ ਹੈ ਕਿ ਉਸ ਘਟਨਾ ਦੀ *ਹਰ ਗੱਲ* ਦਾ ਮੇਰੇ ਨਾਲ ਅਤੇ ਮੇਰੀ ਮੁਕਤੀ ਨਾਲ ਕੀ ਰਿਸ਼ਤਾ ਹੈ। ਮੈਂ ਬਹੁਤ ਸਾਰੇ ''ਮਾਮਲੇ'' ਵੇਖੇ ਹਨ ਜਿਨ੍ਹਾਂ ਨਾਲ ਕਲੀਸੀਆ ਵਿਚ ਪਰੇਸ਼ਾਨੀ ਹੋਈ, ਪਰ ਇਹ ਸਭ ਰਸੂਲਾਂ ਦੇ ਕੰਮ 15 ਅਧਿਆਇ ਵਾਲੇ ਮਾਮਲੇ ਅੱਗੇ ਜ਼ੀਰੋ ਲਗਦੇ ਹਨ।

ਅਧਿਆਇ 14 ਦੇ ਅਖੀਰ ਵਿਚ ਪੌਲੁਸ ਅਤੇ ਬਰਨਬਾਸ ਆਪਣੀ ਪਹਿਲੀ ਮਿਸ਼ਨਰੀ ਯਾਤਰਾ ਤੋਂ ਖੁਸ਼ ਹੋ ਕੇ ਵਾਪਸ ਆਏ ਸਨ। ਖੁਸ਼ੀ-ਖੁਸ਼ੀ ਉਨ੍ਹਾਂ ਨੇ ਦੱਸਿਆ ਸੀ ਕਿ ਕਿਵੇਂ ਖ਼ੁਦਾ ਨੇ ''ਪਰਾਈਆਂ ਕੌਮਾਂ ਦੇ ਲਈ ਨਿਹਚਾ ਦਾ ਦਰਵਾਜ਼ਾ ਖੋਲ੍ਹਿਆ'' ਹੈ (14:27)। ਪਿਸਿਦੀਆ

ਦੇ ਅੰਤਾਕੀਆ, ਇਕੁਨਿਉਮ, ਲੁਸਤ੍ਰਾ ਅਤੇ ਦਰਬੇ ਵਿਚ ਗੈਰ ਕੌਮਾਂ ਦੀਆਂ ਮੰਡਲੀਆਂ[3] ਕਾਇਮ ਹੋ ਗਈਆਂ ਸਨ (14:20, 21, 23)[4] ਅਤੇ ਬਹੁਤ ਸਾਰੇ ਗੈਰ ਯਹੂਦੀ ਲੋਕ ਮਸੀਹੀ ਬਣ ਗਏ ਸਨ (14:1, 21)! ਪੌਲੁਸ ਅਤੇ ਬਰਨਬਾਸ ਨੇ ਵਿਖਾਇਆ ਸੀ ਕਿ ਦੂਰ ਦੂਰ ਦੇ ਇਲਾਕਿਆਂ ਵਿਚ ਗੈਰ ਯਹੂਦੀ ਲੋਕ ਵਚਨ ਨੂੰ ਮੰਨ ਰਹੇ ਸਨ! ਗੁਆਚਿਆ ਹੋਇਆ ਸੰਸਾਰ ਉਡੀਕ ਵਿਚ ਸੀ ਅਤੇ ਰੂਹਾਂ ਦੀ ਵੱਡੀ ਫ਼ਸਲ ਤਿਆਰ ਸੀ! ਯਕੀਨਨ ਹੀ ਹਰ ਮਸੀਹੀ ਖੁਸ਼ ਹੋਵੇਗਾ! ਪਰ ਅਫ਼ਸੋਸ ਕਿ ਇਸ ਨਾਲ ਖ਼ੁਦਾ ਨੇ ''ਪਰਾਈਆਂ ਕੌਮਾਂ ਲਈ ਨਿਹਚਾ ਦਾ ਦਰਵਾਜ਼ਾ ਖੋਲ ਦਿੱਤਾ ਹੈ'' ਹਰ ਕੋਈ ਖੁਸ਼ ਨਹੀਂ *ਸੀ*। ਬਹੁਤੀ ਦੇਰ ਨਹੀਂ ਹੋਈ ਸੀ ਕਿ ਅੰਤਾਕੀਆ ਦੇ ਲੋਕਾਂ ਨੇ, ਠ੍ਹਾ ਕਰਕੇ[5] ਦਰਵਾਜ਼ਾ ਮਾਰਨ ਦਾ ਤਹੱਈਆ ਕਰ ਲਿਆ ਸੀ। ਇਸ ਪਾਠ ਵਿਚ ਅਸੀਂ ਰਸੂਲਾਂ ਦੇ ਕੰਮ 15 ਦੇ ਹੋਰ ਠ੍ਹਾ ਕਰਕੇ ਦਰਵਾਜ਼ਾ ਮਾਰਨ ਵਾਲਿਆਂ ਦੀ ਗੱਲ ਕਰਾਂਗੇ।

ਪਾਠ ਵਿਚ ਵਾਪਸ ਆਉਣ ਤੋਂ ਪਹਿਲਾਂ, ਮੈਂ ਇਹ ਜ਼ਿਕਰ ਕਰਨਾ ਚਾਹਾਂਗਾ ਕਿ ਸ਼ਾਇਦ ਅਸੀਂ ਗਲਾਤੀਆਂ ਦੀ ਕਿਤਾਬ ਵਿਚ ਇਸ ਝਗੜੇ ਦੇ ਇਕ ਹੋਰ ਵੇਰਵੇ ਨੂੰ ਵੇਖਾਂਗੇ। ਰੂੜੀਵਾਦੀ ਵਿਦਵਾਨਾਂ ਦਾ ਰਵਾਇਤੀ ਵਿਚਾਰ ਹੈ ਕਿ ਗਲਾਤੀਆਂ 2:1-10 ਉਨ੍ਹਾਂ ਘਟਨਾਵਾਂ ਨੂੰ ਦੱਸਦਾ ਹੈ ਜੋ ਰਸੂਲਾਂ ਦੇ ਕੰਮ 15:1-35 ਵਿਚ ਦੱਸੀਆਂ ਗਈਆਂ ਹਨ।[6] ਜਿਵੇਂ ਐਫ਼. ਡਬਲਯੂ. ਫਰੱਾਰ ਨੇ ਇੰਜ ਕਿਹਾ ਹੈ, ''ਦੋਹਾਂ ਵੇਰਵਿਆਂ ਵਿਚ ਉਹੀ ਲੋਕ ਉਸੇ ਸਮੇਂ, ਉਸੇ ਜਗ੍ਹਾ ਤੋਂ, ਉਸੇ ਮਕਸਦ ਲਈ, ਉਨ੍ਹਾਂ ਹੀ ਵੇਰਵੇਆਂ ਕਰਨ ਵਾਲਿਆਂ ਵੱਲੋਂ ਉਸੇ ਸ਼ਾਨ ਅਤੇ ਨਤੀਜਿਆਂ ਨਾਲ ਨਿੱਕਲਦੇ ਹਨ।'' ਦੋਹਾਂ ਵੇਰਵਿਆਂ[7] ਵਿਚ ਮੇਲ ਕਰਨ ਵਿਚ ਕੁਝ ਅੜਚਨਾਂ ਹਨ, ਪਰ ਗਲਾਤੀਆਂ 2 ਅਧਿਆਇ ਨੂੰ ਕਿਤੇ ਵੀ ਰੱਖ ਲਓ, ਅੜਚਨਾਂ ਤਾਂ ਹੋਣਗੀਆਂ ਹੀ। ਦੋਵੇਂ ਵੇਰਵੇ ਇਕ ਨਹੀਂ ਤਾਂ ਇੱਕੋ ਜਿਹੀਆਂ ਘਟਨਾਵਾਂ ਤਾਂ ਦੱਸਦੇ ਹੀ ਹਨ, ਇਸ ਲਈ ਰਸੂਲਾਂ ਦੇ ਕੰਮ 15 ਅਧਿਆਇ ਦਾ ਅਧਿਐਨ ਕਰਦਿਆਂ ਅਸੀਂ ਗਲਾਤੀਆਂ 2 ਅਧਿਆਇ ਦੇ ਕੁਝ ਵੇਰਵੇ ਸ਼ਾਮਲ ਕਰਾਂਗੇ।[8]

## ਕੱਲ ਦੇ ਠ੍ਹਾ ਕਰਕੇ ਦਰਵਾਜ਼ਾ ਮਾਰਨ ਵਾਲੇ

**ਝਗੜਾ** (15:1-3)

ਆਪਣੀ ਪਹਿਲੀ ਯਾਤਰਾ (14:28) ਦੇ ਬਾਅਦ ਪੌਲੁਸ ਅਤੇ ਬਰਨਬਾਸ ਵੱਲੋਂ ਅੰਤਾਕੀਆ ਵਿਚ ਕੰਮ ਕਰਨ ਦੇ ''ਬਹੁਤ ਚਿਰ'' ਦਰਮਿਆਨ ਜ਼ਾਹਰ ਤੌਰ ਤੇ ਉਸ ਕੰਮ ਦਾ ਪਤਾ ਲੱਗਾ ਜੋ ਉਨ੍ਹਾਂ ਨੇ ਕੀਤਾ ਸੀ[9] ਜਿਸ ਕਰਕੇ ਕੁਝ ਯਹੂਦੀ ਪਰੇਸ਼ਾਨ ਹੋ ਗਏ ਸਨ। ਦਸ ਸਾਲ ਪਹਿਲਾਂ ਯਰੂਸ਼ਲਮ ਵਿਚ ਗੈਰ ਕੌਮਾਂ ਕੋਲ ਖੁਸ਼ਖ਼ਬਰੀ ਲਿਜਾਉਣ ਦਾ ਸਵਾਲ ਉੱਠਿਆ ਸੀ, ਜਦ ਪਤਰਸ ਨੇ ਕੁਰਨੇਲਿਉਸ ਦੇ ਘਰਾਣੇ ਨੂੰ ਬਦਲਿਆ ਸੀ ਅਤੇ ਬੇਸ਼ੱਕ ਉਦੋਂ ਝਗੜਾ ਮੁੱਕ ਗਿਆ ਸੀ (11:1-18)। ਸੀਰੀਆ ਦੇ ਅੰਤਾਕੀਆ ਵਿਚ ਬਹੁਗਿਣਤੀ ਗੈਰ ਯਹੂਦੀਆਂ ਦੀ ਇਕ ਮੰਡਲੀ ਕਾਇਮ ਹੋਣ ਤੇ ਯਰੂਸ਼ਲਮ ਦੀ ਕਲੀਸੀਆ ਨੇ ਇਕ ਤਰ੍ਹਾਂ ਨਾਲ ਉਸ ਕੰਮ ਨੂੰ ਆਪਣਾ ਅਸ਼ੀਰਵਾਦ ਦਿੰਦਿਆਂ ਉਨ੍ਹਾਂ ਦੀ ਮਦਦ ਲਈ ਬਰਨਬਾਸ ਨੂੰ ਭੇਜਿਆ (11:20-22)।

ਪਰ ਪੌਲੁਸ ਅਤੇ ਬਰਨਬਾਸ ਦੀਆਂ ਕੋਸ਼ਿਸ਼ਾਂ ਨੇ ਪੁਰਾਣੇ ਡਰ ਫੇਰ ਪੈਦਾ ਕਰ ਦਿੱਤੇ। ਇਹ ਸਾਫ਼ ਸੀ ਕਿ ਗੈਰ ਕੌਮਾਂ ਹਰ ਹਾਲ ਵਿਚ ਵਚਨ ਨੂੰ ਯਹੂਦੀਆਂ ਨਾਲੋਂ ਵੱਧ ਮੰਨਣਗੀਆਂ ਅਤੇ

ਦੁਨੀਆਂ ਵਿਚ ਯਹੂਦੀਆਂ ਨਾਲੋਂ, ਹਜ਼ਾਰਾਂ ਗੁਣਾ ਗੈਰ ਯਹੂਦੀ ਲੋਕ ਸਨ। ਬਹੁਤ ਸਾਰੇ ਲੋਕ ਕਲੀਸੀਆ ਨਾਲ ਭਾਵ ਗੈਰ ਯਹੂਦੀਆਂ ਨੂੰ ਮੂਰਤੀ ਪੂਜਕ ਪਿਛੋਕੜ, ਮੂਰਤੀ ਪੂਜਕ ਵਿਚਾਰਧਾਰਾ, ਮੂਰਤੀ ਪੂਜਕ ਰੀਤਾਂ ਅਤੇ ਮਾਰੇ ਜਾਣ ਦੀ ਸੰਭਾਵਨਾ ਦੇ ਡਰ ਨੂੰ ਛੱਡਦਿਆਂ ਵੇਖ ਸਕਦੇ ਹਾਂ।[10] ਉਨ੍ਹਾਂ ਦਾ ਮੰਨਣਾ ਸੀ ਕਿ ਪੂਰੀ ਸੰਗਤੀ ਵਿਚ ਕਬੂਲਣ ਤੋਂ ਪਹਿਲਾਂ ਗੈਰ ਕੌਮਾਂ ਨੂੰ ਲੋੜੀਂਦੀ ਸਿੱਖਿਆ ਦੇਣੀ ਜ਼ਰੂਰੀ ਹੈ।

ਕਈਆਂ ਲਈ, ਇਹਦਾ ਹੱਲ ਸਾਫ਼ ਸੀ ਕਿ ਗੈਰ ਕੌਮਾਂ ਉਹੀ ਕਰਨ ਜੋ ਪਹਿਲਾਂ ਤੋਂ ਉਨ੍ਹਾਂ ਲਈ ਕਰਨਾ ਜ਼ਰੂਰੀ ਹੈ ਯਾਨੀ ਉਹ ਯਹੂਦੀ ਬਣਨ! ਮੂਸਾ ਦੀ ਸ਼ਰ੍ਹਾ ਗੈਰ ਕੌਮਾਂ ਦੇ ਖੁਰਦਰੇ ਕੰਢਿਆਂ ਨੂੰ ਮੁਲਾਇਮ ਕਰ ਦੇਵੇਗੀ ਤਾਂ ਜੋ ਵਿਵੇਕੀ, ਸ਼ਰ੍ਹਾ ਨੂੰ ਮੰਨਣ ਵਾਲੇ ਯਹੂਦੀ ਮਸੀਹੀ ਉਨ੍ਹਾਂ ਦੀ ਮੌਜੂਦਗੀ ਨੂੰ ਬਰਦਾਸ਼ਤ ਕਰ ਸਕਣ। (ਮੈਂ ਉਨ੍ਹਾਂ ਕੁਝ ਲੋਕਾਂ ਦੀ ਕਲਪਨਾ ਕਰ ਸਕਦਾ ਹਾਂ ਜੋ ਕੁਰਨੇਲਿਉਸ ਦੀ ਮਨਬਦਲੀ ਵੇਲੇ [11:2, 3] ਪਰੇਸ਼ਾਨ ਹੋ ਕੇ ਕਹਿ ਰਹੇ ਸਨ, ''ਅਸੀਂ ਤੈਨੂੰ *ਦੱਸਿਆ ਸੀ* ਕਿ ਬੇਸੁੰਨਤੇ ਗੈਰ ਕੌਮਾਂ ਨੂੰ ਕਬੂਲ ਕਰਨ ਨਾਲ ਕੁਝ ਨਹੀਂ ਹੋਣ ਵਾਲਾ। ਹੁਣ ਤਾਂ ਇਕ ਵੱਡੀ ਆਫ਼ਤ ਆ ਪਵੇਗੀ!'')

''ਹੋਏ ਨੁਕਸਾਨ'' ਨੂੰ ਪੂਰਾ ਕਰਨ ਲਈ ਯਹੂਦੀਆਂ ਸਾਹਮਣੇ ਗੈਰ ਕੌਮਾਂ ਦੀ ਅੰਤਾਕੀਆ ਦੀ ਉਹ ਮੰਡਲੀ ਸੀ ਜਿਸ ਨੇ ਪੌਲੁਸ ਅਤੇ ਬਰਨਬਾਸ ਨੂੰ ਬਾਹਰ ਭੇਜਿਆ ਸੀ। ਅਸੀਂ ਪੜ੍ਹਦੇ ਹਾਂ, ''ਕਈ ਆਦਮੀ ਯਹੂਦੀਆ ਤੋਂ ਆਣ ਕੇ ਭਾਈਆਂ ਨੂੰ [ਅੰਤਾਕੀਆ ਵਿਚ] ਸਿਖਾਲਣ ਲੱਗੇ ਕਿ ਜੇ ਮੂਸਾ ਦੀ ਰੀਤ ਦੇ ਅਨੁਸਾਰ ਤੁਹਾਡੀ ਸੁੰਨਤ ਨਾ ਕਰਾਈ ਜਾਵੇ ਤਾਂ ਤੁਹਾਡੀ ਮੁਕਤੀ ਨਹੀਂ ਹੋ ਸਕਦੀ'' (15:1)।

ਧਿਆਨ ਦਿਓ ਕਿ ਆਇਆ ਕੌਣ ਸੀ, ''ਕਈ ਆਦਮੀ ਯਹੂਦੀਆ ਤੋਂ'' ਖ਼ਾਸ ਕਰਕੇ ਯਰੂਸ਼ਲਮ ਤੋਂ ਆਏ ਸਨ (ਆਇਤਾਂ 2-4)। ਇਹ ਲੋਕ ਸ਼ਾਇਦ ਉਹੀ ਸਨ ਜਿਨ੍ਹਾਂ ਨੂੰ ਆਇਤ 5 ਵਿਚ ''ਫ਼ਰੀਸੀਆਂ ਦੇ ਪੰਥ ਵਿੱਚੋਂ ਜਿਨ੍ਹਾਂ ਨਿਹਚਾ ਕੀਤੀ'' ਦੇ ਰੂਪ ਵਿਚ ਪਛਾਣਿਆ ਗਿਆ ਸੀ। ਪਹਿਲੀ ਵਾਰ ਸਾਨੂੰ ਇੱਥੇ ਦੱਸਿਆ ਗਿਆ ਹੈ ਕਿ ਪੌਲੁਸ ਦੇ ਇਲਾਵਾ[11] ਫ਼ਰੀਸੀਆਂ ਵਿੱਚੋਂ ਕੋਈ ਹੋਰ ਮਸੀਹੀ ਬਣਿਆ ਸੀ। ਹੋ ਸਕਦਾ ਹੈ ਕਿ ਉਨ੍ਹਾਂ ਦੇ ਮਸੀਹੀ ਬਣਨ ਦੀ ਗੱਲ ਤੇ ਸਾਨੂੰ ਹੈਰਾਨੀ ਹੋਵੇ, ਪਰ ''ਉਨ੍ਹਾਂ ਵੱਲੋਂ ਇਕ ਅਹਿਮ ਸਵਾਲ ਦਾ ਗਲਤ ਪੱਖ ਲੈਂਦਿਆਂ ਵੇਖ ਕੇ'' ਸਾਨੂੰ ਹੈਰਾਨੀ ਨਹੀਂ ਹੁੰਦੀ। ਫ਼ਰੀਸੀਆਂ ਦੇ ਧਾਰਮਿਕ ਪਿਛੋਕੜ ਨੂੰ ਧਿਆਨ ਵਿਚ ਰੱਖਦਿਆਂ,[12] ਉਨ੍ਹਾਂ ਨੇ ਹਰ ਕਿਸੇ ਨੂੰ ਸ਼ਰ੍ਹਾ ਦਾ ਪਾਲਨ ਕਰਵਾਉਣ ਵਾਲੇ ਲੋਕਾਂ ਦੇ ਰੂਪ ਵਿਚ ਵੇਖਣਾ ਅਸਾਨ ਹੈ। ਅੰਤਾਕੀਆ ਵਿਚ ਪਹੁੰਚ ਕੇ ਉਨ੍ਹਾਂ ਨੇ ਯਰੂਸ਼ਲਮ ਦੀ ਕਲੀਸੀਆ ਦੇ ਨੁਮਾਇੰਦੇ ਹੋਣ ਦਾ ਦਾਅਵਾ ਕੀਤਾ ਹੋਵੇਗਾ (ਆਇਤ 24)। ਜੋ ਵੀ ਹੋਵੇ, ਇਸ ਗੱਲ ਨੇ ਕਿ ਉਹ ਯਰੂਸ਼ਲਮ ਤੋਂ ਆਏ ਸਨ (ਜੋ ਹੁਣ ਤਕ ਉਨ੍ਹਾਂ ਬਾਰਾਂ ਦੇ ਕੰਮ ਦਾ ਮੁੱਖ ਕੇਂਦਰ ਸੀ।[13]) ਉਨ੍ਹਾਂ ਦੀਆਂ ਗੱਲਾਂ ਦਾ ਪ੍ਰਭਾਵ ਵਧਾ ਦਿੱਤਾ ਸੀ।

ਅੱਗੇ ਧਿਆਨ ਦਿਓ ਕਿ ਉਨ੍ਹਾਂ ਨੇ ਕੀ ਸਿਖਾਇਆ, ''ਜੇ ਮੂਸਾ ਦੀ ਰੀਤ ਦੇ ਅਨੁਸਾਰ ਤੁਹਾਡੀ ਸੁੰਨਤ ਨਾ ਕਰਾਈ ਜਾਵੇ ਤਾਂ ਤੁਹਾਡੀ ਮੁਕਤੀ ਨਹੀਂ ਹੋ ਸਕਦੀ।'' ਸੁੰਨਤ ਦੀ ਰੀਤ ਦੋ ਹਜ਼ਾਰ ਸਾਲ ਪਹਿਲਾਂ ਅਬਰਾਹਾਮ ਨਾਲ ਬੰਨ੍ਹੇ ਖ਼ੁਦਾ ਦੇ ਨੇਮ ਦਾ ਜ਼ਰੂਰੀ ਭਾਗ ਸੀ (ਉਤਪਤ 17:10-14, 23-27)। ਪਰ ਯਰੂਸ਼ਲਮ ਤੋਂ ਆਏ ਬੰਦਿਆਂ ਨੇ ਸੁੰਨਤ ਨੂੰ ਅਬਰਾਹਾਮ ਨਾਲ ਨਹੀਂ ਜੋੜਿਆ ਸੀ, ਸਗੋਂ ਉਨ੍ਹਾਂ ਨੇ ਇਸ ਰੀਤ ਨੂੰ *ਮੂਸਾ* ਨਾਲ ਜੋੜ ਦਿੱਤਾ ਜਿਹਦੀ ਸ਼ਰ੍ਹਾ ਅਬਰਾਹਾਮ ਦੇ ਨੇਮ ਦੇ ਦਿੱਤੇ ਜਾਣ ਤੋਂ ਪੰਜ ਸੌ ਸਾਲ ਬਾਅਦ ਦਿੱਤੀ ਗਈ ਸੀ। ਉਨ੍ਹਾਂ ਦੀ

ਦਿਲਚਸਪੀ ਇਹੀ ਨਹੀਂ ਸੀ ਕਿ ਗੈਰ ਕੌਮਾਂ ਨੂੰ ਸੁੰਨਤ ਦੀ ਗੱਲ ਮੰਨ ਲੈਣੀ ਚਾਹੀਦੀ ਹੈ ਸਗੋਂ ਉਨ੍ਹਾਂ ਦਾ ਨਿਸ਼ਾਨਾ ਤਾਂ ਯਹੂਦੀ ਧਰਮ ਵਿਚ ਬਦਲਣ ਕਰਕੇ ਸਾਰੀ ਸ਼ਰ੍ਹਾ ਦੇ ਮੰਨਣ ਵਾਲਾ ਬਣਾਉਣਾ ਸੀ।[14] ਆਇਤ 5 ਵਿਚ ਅਸੀਂ ਪੜ੍ਹਦੇ ਹਾਂ ਕਿ ''ਕਈਆਂ ਨੇ ਫ਼ਰੀਸੀਆਂ ਦੇ ਪੰਥ ਵਿੱਚੋਂ ਜਿਨ੍ਹਾਂ ਨਿਹਚਾ ਕੀਤੀ ਉੱਠ ਕੇ ਕਿਹਾ ਭਈ ਉਨ੍ਹਾਂ [ਗੈਰ ਯਹੂਦੀਆਂ] ਦੀ ਸੁੰਨਤ ਕਰਨੀ ਅਤੇ ਮੂਸਾ ਦੀ ਸ਼ਰ੍ਹਾ ਨੂੰ ਮੰਨਣ ਦਾ ਹੁਕਮ ਦੇਣਾ ਚਾਹੀਦਾ ਹੈ।''

ਇਹ ਲੋਕ ਇਹ ਨਹੀਂ ਕਹਿ ਰਹੇ ਸਨ ਕਿ ਗੈਰ ਕੌਮਾਂ ਸ਼ਰ੍ਹਾ ਦਾ ਅਧਿਐਨ ਕਰਨ ਤਾਂ ਚੰਗਾ ਹੋਵੇਗਾ,[15] ਯਾਨੀ ਉਹ ਸ਼ਰ੍ਹਾ ਦਾ ਹੁਕਮ ਮੰਨਣ ਦੀ ਅਹਿਮੀਅਤ ਉੱਤੇ ਬਹਿਸ ਨਹੀਂ ਕਰ ਰਹੇ ਸਨ ਸਗੋਂ ਉਹ ਯਹੂਦੀ ਬਣਨ ਦੀ *ਲੋੜ* ਦੀ ਸਿੱਖਿਆ ਦੇ ਰਹੇ ਸਨ। ਉਨ੍ਹਾਂ ਨੇ ਅੰਤਾਕੀਆ ਵਿਚ ਗੈਰ ਕੌਮਾਂ ਨੂੰ ਦੱਸਿਆ ਕਿ ''ਜੇ ਮੂਸਾ ਦੀ ਸ਼ਰ੍ਹਾ ਮੁਤਾਬਕ ਤੁਹਾਡੀ ਸੁੰਨਤ ਨਾ ਹੋਵੇ ਤਾਂ ਤੁਸੀਂ ਮੁਕਤੀ ਨਹੀਂ ਪਾ ਸਕਦੇ।''[16] ਉਨ੍ਹਾਂ ਨੂੰ ਪਤਾ ਸੀ ਕਿ ਜੇ ਸੁੰਨਤ ਕਰਾਉਣਾ ਇਕ ਬਦਲ ਹੀ ਹੋਵੇ, ਤਾਂ ਥੋੜ੍ਹੇ ਹੀ ਗੈਰ ਕੌਮ ਸੁੰਨਤ ਕਰਾਉਣਗੇ।[17] ਇਸ ਲਈ ਉਹ ਇਹ ਸਿਖਾਉਣ ਲੱਗੇ ਕਿ ਮੁਕਤੀ ਲਈ ਸੁੰਨਤ ਜ਼ਰੂਰੀ ਹੈ!

ਪੌਲੁਸ ਅਤੇ ਬਰਨਬਾਸ ਨੇ ਵੇਖਿਆ ਕਿ ਇਨ੍ਹਾਂ ਯਹੂਦੀਆਂ ਦੀ ਸਿੱਖਿਆ, ਗੈਰ ਕੌਮਾਂ ਵਿਚ ਕੀਤੇ ਉਨ੍ਹਾਂ ਦੇ ਕੰਮ, ਖ਼ਾਸ ਕਰਕੇ ਯਹੂਦੀ ਧਰਮ ਕਬੂਲ ਕੀਤੇ ਬਗੈਰ ਉਨ੍ਹਾਂ ਨੂੰ ਯਿਸੂ ਵਿਚ ਵਿਸ਼ਵਾਸ ਦੇ ਅਧਾਰ ਤੇ ਗੈਰ ਕੌਮਾਂ ਨੂੰ ਕਬੂਲ ਕਰਨ ਦੀ ਗੱਲ ਤੇ ਸਿੱਧਾ ਹਮਲਾ ਸੀ। ਇਨ੍ਹਾਂ ਮਿਸ਼ਨਰੀਆਂ ਨੂੰ ਪਤਾ ਲਗ ਗਿਆ ਸੀ ਕਿ ਇਹ ਗਲਤ ਹੈ। ਉਹ ਉਸ ਸਿੱਖਿਆ ਤੇ ਦੂਰ ਤਕ ਅਸਰ ਕਰਨ ਵਾਲੇ ਨਤੀਜਿਆਂ ਨੂੰ ਵੀ ਸਮਝਦੇ ਸਨ। ਜੇ ਲੋਕ ਸਿੱਖਿਆ ਨੂੰ ਮੰਨਣ ਲੱਗ ਪੈਂਦੇ ਤਾਂ ਮਸੀਹੀਅਤ ਯਹੂਦੀ ਧਰਮ ਦੇ ''ਨਵੇਂ ਅਤੇ ਸੁਧਰੇ ਹੋਏ ਰੂਪ'' ਤੋਂ ਵਧਕੇ ਕੁਝ ਹੋਰ ਨਹੀਂ ਲੱਗਣੀ ਸੀ। ਯਰੂਸ਼ਲਮ ਤੋਂ ਆਉਣ ਵਾਲਿਆਂ ਨੇ ਉਸ ਰਾਹ ਜੋ ਗੈਰ ਕੌਮਾਂ ਲਈ ਖੋਲ੍ਹਿਆ ਗਿਆ ਸੀ, ਸ਼ਰ੍ਹਾ ਨੂੰ ਮੰਨਣ ਦੇ ਰਾਹ ਨੂੰ ਖੋਲ੍ਹ ਕੇ ਅਤੇ ਇਹ ਕਹਿ ਕੇ ਕਿ ''ਜੇ ਮਸੀਹੀ ਬਣਨਾ ਹੈ ਤਾਂ ਪਹਿਲਾਂ ਤੁਹਾਨੂੰ ਇਸ ਰਾਹ ਥਾਣੀ ਲੰਘ ਕੇ ਯਹੂਦੀ ਬਣਨਾ ਪਵੇਗਾ'' ਠ੍ਹਾ ਕਰਕੇ ਦਰਵਾਜ਼ਾ ਮਾਰਨ ਦੀ ਠਾਣ ਰੱਖੀ ਸੀ। ਪੌਲੁਸ ਅਤੇ ਬਰਨਬਾਸ ਨੂੰ ਪਤਾ ਸੀ ਕਿ ਇਹ ਦੁਸ਼ਪ੍ਰਭਾਵ ਉਨ੍ਹਾਂ ਸਾਰੀਆਂ ਕਲੀਸੀਆਵਾਂ ਵਿਚ ਜੋ ਉਨ੍ਹਾਂ ਨੇ ਕਾਇਮ ਕੀਤੀਆਂ ਸਨ, ਫੈਲ ਸਕਦਾ ਹੈ। ਇਹ ਕੁਧਰਮ ਸੀ ਅਤੇ ਇਸ ਨੂੰ ਰੋਕਿਆ ਜਾਣਾ ਜ਼ਰੂਰੀ ਸੀ। ਅਸੀਂ ਪੜ੍ਹਦੇ ਹਾਂ ਕਿ ਇਸ ਕਰਕੇ ''ਪੌਲੁਸ ਅਤੇ ਬਰਨਬਾਸ ਦਾ ਉਨ੍ਹਾਂ ਨਾਲ ਝਗੜਾ ਅਤੇ ਵਾਦ ਬਹੁਤ ਹੋਇਆ'' (ਆਇਤ 2ੳ)।[18]

ਜੇ ਗਲਾਤੀਆਂ 2:1-10 ਇਸੇ ਮੌਕੇ ਦੀ ਗੱਲ ਕਰਦਾ ਹੈ ਤਾਂ ਪੌਲੁਸ ਨੇ ਉਨ੍ਹਾਂ ਨੂੰ ਜੋ ਅੰਤਾਕੀਆ ਵਿਚ ਆਏ ਸਨ, ਕਿਹਾ ਕਿ ਇਹ ''ਉਨ੍ਹਾਂ ਝੂਠੇ ਭਰਾਵਾਂ ਦੇ ਕਾਰਣ [ਹੋਇਆ] ਜੋ ਚੁੱਪ ਕੀਤੇ ਅਜ਼ਾਦੀ ਦੀ ਸੂਹ ਲੈਣ ਲਈ ਜਿਹੜੀ ਮਸੀਹ ਯਿਸੂ ਵਿਚ ਸਾਨੂੰ ਮਿਲੀ ਹੋਈ ਹੈ ਚੋਰੀ ਵੜ ਆਏ[19] ਤਾਂ ਜੋ ਸਾਨੂੰ ਬੰਧਨ ਵਿਚ ਲਿਆਉਣ'' (ਗਲਾਤੀਆ 2:4)। ''ਅਜ਼ਾਦੀ'' ਅਤੇ ''ਬੰਧਨ'' ਸ਼ਬਦਾਂ ਵਿਚ ਫ਼ਰਕ ਤੇ ਧਿਆਨ ਦਿਓ: ''ਉਸ *ਅਜ਼ਾਦੀ* ਦੀ ... ਜਿਹੜੀ ਮਸੀਹ ਯਿਸੂ ਵਿਚ ਸਾਨੂੰ ਮਿਲੀ ਹੋਈ ਹੈ,'' ''ਸਾਨੂੰ *ਬੰਧਨ* ਵਿਚ ਲਿਆਉਣ।'' ਪੌਲੁਸ ਅਤੇ ਬਰਨਬਾਸ ਗੈਰ ਕੌਮਾਂ ਵਿਚ ਅਜ਼ਾਦੀ ਲਿਆਏ ਸਨ ਜਦ ਕਿ ਯਹੂਦੀ ਸਿੱਖਿਆ ਦੇਣ ਵਾਲੇ ਉਨ੍ਹਾਂ ਨੂੰ ਫਿਰ ਤੋਂ ਸ਼ਰ੍ਹਾ ਦੇ ਬੰਧਨ ਵਿਚ ਲਿਆਉਣਾ ਚਾਹੁੰਦੇ ਸਨ।

ਝੂਠੀ ਸਿੱਖਿਆ ਦੇਣ ਵਾਲਿਆਂ ਦਾ ਵਿਰੋਧ ਕਰਦੇ ਹੋਏ ਪੌਲੁਸ ਨੇ ਆਤਮਾ ਦੀ ਪ੍ਰੇਰਣਾ

ਪਾਏ ਰਸੂਲ ਹੋਣ ਨਾਤੇ ਗੱਲ ਕੀਤੀ; ਇਸ ਨਾਲ ਮਾਮਲਾ ਸੁਲਝ ਜਾਣਾ ਚਾਹੀਦਾ ਸੀ।[20] ਪਰ ਪੌਲੁਸ ਉਨ੍ਹਾਂ ਮੂਲ ਬਾਰਾਂ ਰਸੂਲਾਂ ਵਿੱਚੋਂ ਨਹੀਂ ਸੀ ਜਿਸ ਕਰਕੇ ਕਈ ਮਸੀਹੀ ਉਹਦੀਆਂ ਗੱਲਾਂ ਨੂੰ ਦੂਜੇ ਰਸੂਲਾਂ ਦੀ ਸਿੱਖਿਆ ਵਾਂਗ ਇਖ਼ਤਿਆਰੀ ਨਹੀਂ ਮੰਨਦੇ ਸਨ।[21] ਇਹ ਵੀ ਹੋ ਸਕਦਾ ਹੈ ਕਿ ਅੰਤਾਕੀਆ ਵਿਚ, ਪੌਲੁਸ ਉੱਤੇ ਘਰ ਦੇ ਨਬੀ ਵਾਲੀ ਗੱਲ ਲਾਗੂ ਹੁੰਦੀ ਹੋਵੇ (ਯੂਹੰਨਾ 4:44)। ਉਨ੍ਹਾਂ ਦੀ ਸੋਚ ਜੋ ਵੀ ਹੋਵੇ, ਪਰ ਅੰਤਾਕੀਆ ਵਿਚ ਭਾਈਆਂ ਨੇ ਠਹਿਰਾਇਆ ਕਿ ''... ਪੌਲੁਸ ਅਤੇ ਬਰਨਬਾਸ ਅਤੇ ਕਈ ਹੋਰ ਮਨੁੱਖ ਉਨ੍ਹਾਂ ਵਿੱਚੋਂ ਇਸ ਗੱਲ ਦੇ ਸਹੀ ਕਰਨ ਨੂੰ ਰਸੂਲਾਂ ਅਤੇ ਬਜ਼ੁਰਗਾਂ ਦੇ ਕੋਲ ਯਰੂਸ਼ਲਮ ਨੂੰ ਜਾਣ'' (ਰਸੂਲਾਂ ਦੇ ਕੰਮ 15:2ਅ)। ਉਨ੍ਹਾਂ ''ਕਿੰਨੇ ਹੋਰ ਮਨੁੱਖਾਂ'' ਵਿਚ ਤੀਤੁਸ ਨਾਂਅ ਦਾ ਜਵਾਨ ਵੀ ਹੋਵੇਗਾ (ਗਲਾਤੀਆਂ 2:3)।[22]

**ਧਰਮ ਸਭਾ** (15:4-21)

''ਜਦ ਯਰੂਸ਼ਲਮ ਵਿਚ ਪਹੁੰਚੇ ਤਾਂ ਕਲੀਸੀਆ ਅਤੇ ਰਸੂਲਾਂ ਅਤੇ ਬਜ਼ੁਰਗਾਂ ਨੇ ਉਨ੍ਹਾਂ ਦਾ ਆਦਰ ਭਾਉ ਕੀਤਾ ਅਤੇ ਉਨ੍ਹਾਂ ਨੇ ਜੋ ਕੁਝ ਪ੍ਰਮੇਸ਼ਵਰ ਨੇ ਉਨ੍ਹਾਂ ਦੇ ਨਾਲ ਕੀਤਾ ਸੀ ਸੋ ਸੁਣਾ ਦਿੱਤਾ'' (15:4)। ਇਸ ਤੋਂ ਪਹਿਲਾਂ ਪੌਲੁਸ ਅਤੇ ਬਰਨਬਾਸ ਨੇ ਖ਼ੁਦਾ ਨੂੰ ਵੱਡਿਆਈ ਦੇਣ ਲਈ ਅੰਤਾਕੀਆ ਵਿਚ ਕਲੀਸੀਆ ਨੂੰ ਦੱਸਿਆ ਸੀ ਕਿ ''ਪ੍ਰਮੇਸ਼ਵਰ ਨੇ ਸਾਡੇ ਨਾਲ ਕੀ ਕੀਤਾ'' (14:27)। ਇਸ ਵਾਰੀ ਉਨ੍ਹਾਂ ਦਾ ਇਹ ਦੱਸਣ ਦਾ ਕਿ ''ਪ੍ਰਮੇਸ਼ਵਰ ਨੇ ਸਾਡੇ ਨਾਲ ਕੀ ਕੀਤਾ'' ਮਕਸਦ ਖ਼ੁਦਾ ਨੂੰ ਵਡਿਆਈ ਦੇਣਾ ਹੀ ਨਹੀਂ ਸਗੋਂ ਇਹ ਵਿਖਾਉਣਾ ਵੀ ਸੀ ਕਿ ਗੈਰ ਕੌਮਾਂ ਵਿਚ ਉਸ ਨੇ ਉਨ੍ਹਾਂ ਦੇ ਮਿਸ਼ਨ ਨੂੰ *ਮੰਜ਼ੂਰੀ* ਦੇ ਦਿੱਤੀ ਹੈ।

ਥੋੜ੍ਹੀ ਦੇਰ ਬਾਅਦ ''ਫ਼ਰੀਸੀਆਂ ਦੇ ਪੰਥ ਵਿੱਚੋਂ ਜਿਨ੍ਹਾਂ ਨਿਹਚਾ ਕੀਤੀ ਉੱਠ ਕੇ ਕਿਹਾ ਕਿ ਉਨ੍ਹਾਂ [ਗੈਰ ਕੌਮਾਂ] ਦੀ ਸੁੰਨਤ ਕਰਨੀ ਅਤੇ ਮੂਸਾ ਦੀ ਸ਼ਰ੍ਹਾ ਨੂੰ ਮੰਨਣ ਦਾ ਹੁਕਮ ਦੇਣਾ ਚਾਹੀਦਾ ਹੈ'' (ਆਇਤ 5)। ਜੇ ਗਲਾਤੀਆਂ 2 ਅਧਿਆਇ ਇਸੇ ਦੌਰੇ ਬਾਰੇ ਦੱਸਦਾ ਹੈ ਕਿ ਉਨ੍ਹਾਂ ਤੀਤੁਸ ਨੂੰ ਵੀ ਇਹ ਕੋਸ਼ਿਸ਼ ਕਰਦੇ ਹੋਏ ਕਿ ਉਨ੍ਹਾਂ ਦੀਆਂ ਸਭਾਵਾਂ ਵਿਚ ਬੈਠਣ ਦੀ ਇਜਾਜ਼ਤ ਤੋਂ ਪਹਿਲਾਂ ਉਸ ਦੀਆਂ ਕੁਝ ਸ਼ਰਤਾਂ ਨੂੰ ਪੂਰਾ ਕਰਨਾ ਜ਼ਰੂਰੀ ਹੈ, ਸੁੰਨਤ ਕਰਾਉਣ ਲਈ ਮਜਬੂਰ ਕੀਤਾ ਹੋਵੇਗਾ ਜੋ ਇਕ ਗੈਰ ਯਹੂਦੀ ਮਸੀਹੀ ਸੀ। ਪਰ ਪੌਲੁਸ ਦੇ ਕੰਨਾਂ ਤਕ ਇਹ ਗੱਲ ਨਹੀਂ ਪਹੁੰਚੀ ਹੋਵੇਗੀ (ਗਲਾਤੀਆਂ 2:3)।

ਮੁੱਦੇ ਸਾਫ਼ ਸਨ; ਲਕੀਰਾਂ ਖਿੱਚੀਆਂ ਜਾ ਚੁੱਕੀਆਂ ਸਨ। ਇਹਦੇ ਬਾਅਦ ਜੋ ਵੀ ਸਭਾਵਾਂ ਹੋਈਆਂ ਉਨ੍ਹਾਂ ਉੱਤੇ ਵੇਰਵੇ ਸਹਿਤ ਚਰਚਾ ਅਸੀਂ ਅਗਲੇ ਪਾਠ ਵਿਚ ਕਰਾਂਗੇ। ਇਸ ਪਾਠ ਵਿਚ ਮੈਂ ਉਸ ਇਕ ਭਾਸ਼ਣ ਉੱਤੇ ਧਿਆਨ ਦੇਣਾ ਚਾਹੁੰਦਾ ਹਾਂ ਜੋ ਦਿੱਤਾ ਗਿਆ ਸੀ। ਰਸੂਲਾਂ ਦੇ ਕੰਮ 15:6 ਵਿਚ ਕਿਹਾ ਗਿਆ ਹੈ ਕਿ ''ਰਸੂਲ ਅਤੇ ਬਜ਼ੁਰਗ ਇਕੱਠੇ ਹੋਏ ਕਿ ਇਸ ਗੱਲ ਨੂੰ ਸੋਚਣ।'' ਇਹ ਆਮ ਸਭਾ ਸੀ ਜਿਸ ਵਿਚ ''ਸਾਰੀ ਕਲੀਸੀਆ'' ਮੌਜੂਦ ਸੀ (ਆਇਤ 22)। ''ਜਦ ਬਹੁਤ ਵਿਵਾਦ ਹੋਇਆ ਤਾਂ ਪਤਰਸ ਨੇ ਉੱਠ ਕੇ ਉਨ੍ਹਾਂ ਨੂੰ ਆਖਿਆ'' (ਆਇਤ 7ੳ)। ਯਹੂਦੀ ਸਿੱਖਿਆ ਨੂੰ ਮਿਲਾਉਣ ਵਾਲੇ ਸਿੱਖਿਅਕਾਂ ਨੇ ਸੋਚਿਆ ਹੋਵੇਗਾ ਕਿ ਪਤਰਸ ਜੋ ਇਕ ਫ਼ਲਸਤੀਨੀ ਯਹੂਦੀ ਦੇ ਰੂਪ ਵਿਚ ਪਲਿਆ ਵਧਿਆ ਸੀ, ਉਨ੍ਹਾਂ ਦੀ ਗੱਲ ਵਿਚ ਉਨ੍ਹਾਂ ਦੀ ਹਿਮਾਇਤ ਕਰੇਗਾ। ਉਹਦੇ ਮੂੰਹੋਂ ਪੌਲੁਸ ਅਤੇ ਬਰਨਬਾਸ ਦੇ ਪੱਖ ਵਿਚ ਸੁਣ ਕੇ ਉਹ ਜ਼ਰੂਰ ਹੈਰਾਨ ਰਹਿ ਗਏ ਹੋਣਗੇ। ਪਤਰਸ ਦਾ ਉਪਦੇਸ਼ (ਆਇਤਾਂ 7-11) ਕੁਰਨੇਲਿਉਸ ਅਤੇ ਉਹਦੇ ਘਰਾਣੇ ਦੇ ਨਾਲ ਨਾਲ ਆਪਣੇ ਤਜਰਬਿਆਂ ਦੇ ਆਲੇ ਦੁਆਲੇ ਹੀ ਘੁੰਮਦਾ ਸੀ (ਰਸੂਲਾਂ

ਦੇ ਕੰਮ 10; 11:1-18 ਵੀ ਵੇਖੋ)। ਪਤਰਸ ਨੇ ਕਿਹਾ ਕਿ ਪਹਿਲੀ ਗੱਲ ਤਾਂ ਇਹ ਹੈ ਕਿ ਖ਼ੁਦਾ ਨੇ ਉਸ ਨੂੰ ਗੈਰ ਕੌਮਾਂ ਲਈ ਮੁਕਤੀ ਦਾ ਦਰਵਾਜ਼ਾ ਖੋਲ੍ਹਣ ਵਾਸਤੇ ਚੁਣਿਆ ਸੀ[23] ਅਤੇ ਇਹ ਕਿ ਖ਼ੁਦਾ ਨੇ ਉਸ ਦਰਵਾਜ਼ੇ ਰਾਹੀਂ ਵੜਨ ਲਈ ਗੈਰ ਕੌਮਾਂ ਦੀ ਸੁੰਨਤ ਯਾਨੀ ਸ਼ਰ੍ਹਾ ਨੂੰ ਜ਼ਰੂਰੀ *ਨਹੀਂ* ਠਹਿਰਾਇਆ ਸੀ। ਪਤਰਸ ਦੇ ਤਰਕ ਜ਼ਬਰਦਸਤ ਸਨ:

(1) ''ਪ੍ਰਮੇਸ਼ਵਰ ਨੇ ਜੋ ਅੰਤਰਯਾਮੀ ਹੈ ਜਿਹਾ ਸਾਨੂੰ ਤਿਹਾ ਹੀ ਤੁਹਾਨੂੰ ਵੀ ਪਵਿੱਤਰ ਆਤਮਾ ਦੇ ਕੇ ਉਨ੍ਹਾਂ ਉੱਤੇ ਸਾਖੀ ਦਿੱਤੀ'' (ਆਇਤ 8)।[24] ਰਸੂਲਾਂ ਦੇ ਕੰਮ ਕਿਤਾਬ ਵਿਚ ਇਹ ਦੂਜੀ ਵਾਰ ਹੈ ਕਿ ਖ਼ੁਦਾ ਨੂੰ ''ਅੰਤਰਯਾਮੀ'' ਕਿਹਾ ਗਿਆ (ਵੇਖੋ 1:24)। ਖ਼ੁਦਾ ਸ਼ਕਲ ਨਹੀਂ ਸਗੋਂ ਦਿਲ ਵੇਖਦਾ ਹੈ (1 ਸਮੂਏਲ 16:7)। ਯਹੂਦੀ ਸਿੱਖਿਆ ਦੇਣ ਵਾਲਿਆਂ ਨੇ ਬੇਸੁੰਨਤੇ ਗੈਰ ਕੌਮਾਂ ਦੇ ਬਾਹਰ ਦਿਆਂ ਮੂੰਹਾਂ ਨੂੰ ਵੇਖਿਆ ਅਤੇ ਉਨ੍ਹਾਂ ਨੂੰ ਰਾਜ ਦੇ ਲਈ ਅਯੋਗ ਕਰਾਰ ਦੇ ਦਿੱਤਾ, ਪਰ ਖ਼ੁਦਾ ਨੇ ਉਨ੍ਹਾਂ ਦੇ *ਦਿਲਾਂ* ਨੂੰ ਵੇਖਿਆ ਅਤੇ ਉਨ੍ਹਾਂ ਨੂੰ ਯਹੂਦੀਆਂ ਵਾਂਗ (ਜੇ ਉਨ੍ਹਾਂ ਤੋਂ ਵੱਧ ਯੋਗ ਨਹੀਂ) ਯੋਗ ਐਲਾਨ ਕਰ ਦਿੱਤਾ!

(2) ਖ਼ੁਦਾ ਨੇ ''ਨਿਹਚਾ ਨਾਲ ਉਨ੍ਹਾਂ ਦੇ ਮਨ ਸ਼ੁੱਧ ਕਰ ਕੇ'' ਬਿਲਕੁਲ ਉਵੇਂ ਹੀ ਧੋਤੇ ਸਨ ਜਿਵੇਂ ਯਹੂਦੀਆਂ ਤੋਂ ਮਸੀਹੀ ਬਣਨ ਵਾਲਿਆਂ ਦੇ, ਯਾਨੀ ਉਸ ਨੇ ਯਹੂਦੀਆਂ ਅਤੇ ਗੈਰ ਕੌਮਾਂ ਵਿਚ[25] ''ਕੁਝ ਭਿੰਨ ਭੇਦ ਨਾ ਰੱਖਿਆ'' (15:9)। ਧਿਆਨ ਦਿਓ ਕਿ ਉਨ੍ਹਾਂ ਦੇ ਮਨ ''ਨਿਹਚਾ ਨਾਲ'' ਧੋਤੇ ਗਏ ਸਨ, ਨਾ ਕਿ ਸੁੰਨਤ ਅਤੇ ਸ਼ਰ੍ਹਾ ਦਾ ਪਾਲਣ ਕਰਨ ਨਾਲ। ਪਤਰਸ ਨੇ ਕੁਰਨੇਲਿਉਸ ਨੂੰ ਦੱਸਿਆ ਕਿ ''ਪ੍ਰਮੇਸ਼ਵਰ ਕਿਸੇ ਦਾ ਪੱਖ ਨਹੀਂ ਕਰਦਾ'' (10:34)। ਇਸ ਸਭਾ ਨੂੰ ਉਸ ਨੇ ਦੱਸਿਆ ਕਿ ਖ਼ੁਦਾ ਨੇ ''ਕੁਝ ਭਿੰਨ ਭੇਦ ਨਾ ਰੱਖਿਆ।'' ਜਿਵੇਂ ਪੈਂਟੀਕਾਸਟ ਵਾਲੇ ਦਿਨ ਯਹੂਦੀਆਂ ਲਈ ਵਿਸ਼ਵਾਸ ਕਰਨਾ ਅਤੇ ਬਪਤਿਸਮਾ ਲੈਣਾ ਜ਼ਰੂਰੀ ਸੀ (2:37, 38), ਉਵੇਂ ਹੀ ਕੁਰਨੇਲਿਉਸ ਅਤੇ ਉਹਦੇ ਘਰਾਣੇ ਲਈ ਵੀ ਕਰਨਾ ਜ਼ਰੂਰੀ ਸੀ (10:43, 48)।

(3) ਯਹੂਦੀ ਸਿੱਖਿਆ ਦੇਣ ਵਾਲੇ ਗੈਰ ਕੌਮਾਂ ਉੱਤੇ ਸੁੰਨਤ ਜ਼ਬਰਦਸਤੀ ਥੋਪਣ ਦੀ ਕੋਸ਼ਿਸ਼ ਕਰਕੇ ਖ਼ੁਦਾ ਨੂੰ ''ਪਰਤਾ'' ਰਹੇ ਸਨ (ਆਇਤ 10ੳ)। ਸ਼ਰ੍ਹਾ ਥੋਪਣ ਵਾਲਿਆਂ ਨੂੰ ਲਗਦਾ ਸੀ ਕਿ ਉਹ ਪੌਲੁਸ ਅਤੇ ਬਰਨਬਾਸ ਨੂੰ ਚੁਣੌਤੀ ਦੇ ਰਹੇ ਹਨ, ਜਦ ਕਿ ਅਸਲ 'ਚ ਉਹ ਖ਼ੁਦਾ ਦੇ ਸਿੰਘਾਸਣ ਉੱਤੇ ਸਵਾਲ ਉਠਾ ਰਹੇ ਸਨ ਅਤੇ ਉਹਦੇ ਸਬਰ ਦਾ ਇਮਤਿਹਾਨ ਲੈ ਰਹੇ ਸਨ![26]

(4) ਪਰਾਈਆਂ ਕੌਮਾਂ ਉੱਤੇ ਸ਼ਰ੍ਹਾ ਦੀ ਗੱਲ ਥੋਪਣ ਦੀ ਕੋਸ਼ਿਸ਼ ਕਰਕੇ ਉਹ ''ਚੇਲਿਆਂ ਦੀ ਧੌਣ ਤੇ'' ਅਜਿਹਾ ਜੂਲਾ[27] ਰੱਖ ਰਹੇ ਸਨ (ਆਇਤ 10ਅ) ਜਿਸ ਨੂੰ ਕੋਈ ਯਹੂਦੀ ਅਜੇ ਤਕ ਨਹੀਂ ਚੁੱਕ ਸਕਿਆ ਸੀ (ਜ਼ਬੂਰ 119:97)। ਪਰ ਉਹ ਇਸ ਦੀਆਂ ਸ਼ਰਤਾਂ ਨੂੰ ਪੂਰਾ ਕਰਨ ਵਿਚ ਨਕਾਮ ਹੀ ਰਹਿੰਦੇ ਸਨ।[28] ਦਿਨ-ਬ-ਦਿਨ ਉਹਦੀ ਜਾਨ ਦਾ ਬੋਝ ਵਧਦਾ ਜਾ ਰਿਹਾ ਸੀ ਜਦ ਤਕ ਕਿ ਉਹ ਥੱਕ ਕੇ ਚੂਰ ਨਾ ਹੋ ਜਾਂਦਾ। ਸੰਖੇਪ ਵਿਚ ਪਤਰਸ ਨੇ ਪੁੱਛਿਆ, ''ਤੁਸੀਂ ਜਾਨ ਮਾਰਨ ਵਾਲਾ ਬੋਝ ਕਿਸੇ ਉੱਤੇ ਕਿਉਂ ਲੱਦਦੇ ਹੋ?''

(5) ਪਤਰਸ ਦੇ ਆਖ਼ਰੀ ਸ਼ਬਦ ਬੜੇ ਪ੍ਰਭਾਵਸ਼ਾਲੀ ਸਨ: ''ਪਰ ਸਾਨੂੰ ਪ੍ਰਤੀਤ ਹੈ ਕਿ ਅਸੀਂ ਪ੍ਰਭੂ ਯਿਸੂ ਦੀ ਕਿਰਪਾ ਨਾਲ ਬਚਾਏ ਜਾਵਾਂਗੇ ਜਿਸ ਤਰ੍ਹਾਂ ਕਿ ਉਹ ਵੀ'' (ਆਇਤ 11)। ''ਪ੍ਰਭੂ ਯਿਸੂ ਦੀ ਕਿਰਪਾ ਨਾਲ ਬਚਾਏ ਜਾਵਾਂਗੇ'' ਹੇਠਾਂ ਲਕੀਰ ਮਾਰ ਲਓ। ਅਸੀਂ ਕਿਰਪਾ ਜਾਂ *ਫ਼ਜ਼ਲ* ਨਾਲ ਬਚਾਏ ਜਾਂਦੇ ਹਾਂ, ਜੋ ਕਿ ਅਣਕਮਾਈ ਕਿਰਪਾ ਹੈ। ਸਾਡੀ ਮੁਕਤੀ

ਉਸੇ ਨਾਲ ਹੀ ਹੋ ਸਕਦੀ ਹੈ। ਯਹੂਦੀ ਲੋਕ ਮੂਸਾ ਦੀ ਸ਼ਰ੍ਹਾ ਨੂੰ ਪੂਰਾ ਨਹੀਂ ਕਰ ਸਕੇ ਸਨ ਅਤੇ ਨਾ ਹੀ ਮੈਂ ਅਤੇ ਤੁਸੀਂ ਕਿਸੇ ਸ਼ਰ੍ਹਾ ਨੂੰ ਬਿੰਦੀ ਬਿੰਦੀ ਪੂਰੀ ਕਰ ਸਕਦੇ ਹਾਂ (ਰੋਮੀਆਂ 3:23)। ਜੇ ਸਾਡੀ ਨਜਾਤ ਫ਼ਜ਼ਲ ਨਾਲ ਨਾ ਹੋਵੇ ਤਾਂ ਨਜਾਤ ਹੋ ਹੀ ਨਹੀਂ ਸਕਦੀ। ਉਸ ਨਿਰਾਲੇ ਢੰਗ ਉੱਤੇ ਧਿਆਨ ਦਿਓ ਕਿ ਪਤਰਸ ਨੇ ਜ਼ੋਰ ਦਿੱਤਾ ਕਿ ਯਹੂਦੀ ਅਤੇ ਗੈਰ ਕੌਮਾਂ ਦੋਹਾਂ ਦੀ ਮੁਕਤੀ ਕਿਰਪਾ ਨਾਲ ਹੋਈ। ਸਾਨੂੰ ਉਸਦੇ ਇਹ ਕਹਿਣ ਦੀ ਉਮੀਦ ਹੋਵੇਗੀ ਕਿ ''ਸਾਡੇ ਵਾਂਗ *ਉਹ ਵੀ* ਕਿਰਪਾ ਨਾਲ ਬਚਾਏ ਗਏ।'' ਇਹਦੇ ਉਲਟ ਉਹਨੇ ਕਿਹਾ ਕਿ ''ਅਸੀਂ ਪ੍ਰਭੂ ਯਿਸੂ ਦੀ ਕਿਰਪਾ ਨਾਲ ਬਚਾਏ ਜਾਵਾਂਗੇ ਜਿਸ ਤਰ੍ਹਾਂ ਕਿ ਉਹ ਵੀ।'' ਦੂਜੇ ਸ਼ਬਦਾਂ ਵਿਚ, ''ਖ਼ੁਦਾ ਨੇ ਹੁਕਮ ਦੇ ਦਿੱਤਾ ਹੈ ਕਿ ਗੈਰ ਕੌਮਾਂ ਦੀ ਨਜਾਤ ਫ਼ਜ਼ਲ ਨਾਲ ਹੁੰਦੀ ਹੈ ਨਾ ਕਿ ਸ਼ਰ੍ਹਾ ਨੂੰ ਮੰਨਣ ਨਾਲ; ਜੇ ਸਾਡੀ ਅਤੇ ਯਹੂਦੀਆਂ ਦੀ ਨਜਾਤ ਹੁੰਦੀ ਹੈ ਤਾਂ ਸਾਨੂੰ ਜਾਣ ਲੈਣਾ ਚਾਹੀਦਾ ਹੈ ਕਿ ਸਾਡੀ ਨਜਾਤ ਵੀ ਫ਼ਜ਼ਲ ਨਾਲ ਹੁੰਦੀ ਹੈ, ਨਾ ਕਿ ਸ਼ਰ੍ਹਾ ਨੂੰ ਮੰਨਣ ਨਾਲ!''

ਪਤਰਸ ਦੇ ਬੋਲਣ ਦੇ ਬਾਅਦ, ਪੌਲੁਸ ਅਤੇ ਬਰਨਬਾਸ ਨੇ ਦੱਸਿਆ ਕਿ ਕਿਵੇਂ ਖ਼ੁਦਾ ਨੇ ਉਨ੍ਹਾਂ ਦੀ ਸੇਵਕਾਈ ਵਿਚ ਬਰਕਤ ਪਾਈ ਹੈ। ਅਖ਼ੀਰ ਵਿਚ ਯਾਕੂਬ ਬੋਲਿਆ ਉਹੀ ਜੋ ਯਿਸੂ ਦਾ ਮਤਰੇਆ ਭਰਾ ਸੀ;[29] ਅਤੇ ਯਰੂਸ਼ਲਮ ਵਿਚ ਕਲੀਸੀਆ ਦਾ ਥੰਮ੍ਹ ਸੀ (ਗਲਾਤੀਆਂ 2:9)। ਯਹੂਦੀ ਸਿੱਖਿਆ ਦੇਣ ਵਾਲਿਆਂ ਨੇ ਸੋਚਿਆ ਹੋਵੇਗਾ ਕਿ ਜੇ ਉਨ੍ਹਾਂ ਦੇ ਇਸ ਮਕਸਦ ਵਿਚ ਕੋਈ ਰੋੜਾ ਅਟਕਾਵੇਗਾ ਤਾਂ ਉਹ ਯਾਕੂਬ ਹੀ ਹੋਵੇਗਾ।[30] ਇਕ ਵਾਰ ਫੇਰ ਉਹ ਨਿਰਾਸ਼ ਹੀ ਹੋਏ। ਯਾਕੂਬ ਨੇ ਲਿਖਤਾਂ ਵਿੱਚੋਂ ਵਿਖਾਇਆ ਕਿ ਖ਼ੁਦਾ ਚਾਹੁੰਦਾ ਸੀ ਕਿ ਗੈਰ ਕੌਮਾਂ ਉਹਦੀਆਂ ਯੋਜਨਾਵਾਂ ਅਤੇ ਉਹਦੇ ਮਕਸਦਾਂ ਦਾ ਹਿੱਸਾ ਬਣਨ ਅਤੇ ਇਹ ਕਿ ਖ਼ੁਦਾ ਨੇ ਇਹ ਨਬੂਵਤ *ਨਹੀਂ* ਕੀਤੀ ਸੀ ਕਿ ਗੈਰ ਕੌਮਾਂ ਲਈ ਪਹਿਲਾਂ ਯਹੂਦੀ ਬਣਨਾ ਜ਼ਰੂਰੀ ਹੋਵੇਗਾ।[31] ਯਾਕੂਬ ਨੇ ਅੱਗੇ ਕਿਹਾ, ''ਸੋ ਮੇਰੀ ਸਲਾਹ ਇਹ ਹੈ ਕਿ ਪਰਾਈਆਂ ਕੌਮਾਂ ਜਿਵੇਂ ਜਿਹੜੇ ਪ੍ਰਮੇਸ਼ਵਰ ਦੀ ਵੱਲ ਮੁੜਦੇ ਹਨ ਅਸੀਂ ਉਨ੍ਹਾਂ ਨੂੰ ਔਖਿਆਂ ਨਾ ਕਰੀਏ'' (15:19)। ਦੂਜੇ ਸ਼ਬਦਾਂ ਵਿਚ, ''ਗੈਰ ਯਹੂਦੀਆਂ ਤੋਂ ਬਣਨ ਵਾਲੇ ਮਸੀਹੀਆਂ ਉੱਤੇ ਸੁੰਨਤ ਅਤੇ ਸ਼ਰ੍ਹਾ ਨੂੰ ਲੱਦ ਕੇ ਉਨ੍ਹਾਂ ਉੱਤੇ ਭਾਰ ਨਾ ਪਾਈਏ!''

**ਹੌਸਲਾ ਅਫ਼ਜ਼ਾਈ** (15:22-31)

ਯਾਕੂਬ ਦੀਆਂ ਸਿਫਾਰਿਸ਼ਾਂ ''ਰਸੂਲਾਂ ਅਤੇ ਬਜ਼ੁਰਗਾਂ ਨੇ ਸਾਰੀ ਕਲੀਸੀਆ ਸਣੇ'' ਮੰਨ ਲਈਆਂ (ਆਇਤ 22) ਅਤੇ ਉਨ੍ਹਾਂ ਨੇ ਅੰਤਾਕੀਆ ਵਿਚ ਕਲੀਸੀਆ ਦੇ ਨਾਂਅ ਇਕ ਚਿੱਠੀ ਭੇਜੀ।[32] ਚਿੱਠੀ ਵਿਚ ਲਿਖਿਆ ਸੀ ਕਿ ਯਰੂਸ਼ਲਮ ਤੋਂ ਆਏ ਤੰਗ ਕਰਨ ਵਾਲੇ ਲੋਕ ਉਨ੍ਹਾਂ ਦੇ *ਭੇਜੇ ਹੋਏ* ਨਹੀਂ ਸਨ (ਆਇਤ 24)। ਚਿੱਠੀ ਵਿਚ ਇਹ ਵੀ ਸਪਸ਼ਟ ਕਰ ਦਿੱਤਾ ਗਿਆ ਕਿ ਖ਼ੁਦਾ ਨੇ ਗੈਰ ਕੌਮਾਂ ਲਈ ਸੁੰਨਤ ਕਰਾਉਣ ਅਤੇ ਮੂਸਾ ਦੀ ਸ਼ਰ੍ਹਾ ਨੂੰ ਮੰਨਣ ਦੀ ਸ਼ਰਤ *ਨਹੀਂ* ਰੱਖੀ ਸੀ (ਆਇਤਾਂ 28, 29)।[23] ਪਰ ਜਦ ਅੰਤਾਕੀਆ ਦੀ ਕਲੀਸੀਆ ਵਿਚ ਪੜ੍ਹਿਆ ਗਿਆ ਤਾਂ ਗੈਰ ਯਹੂਦੀਆਂ ਤੋਂ ਬਣੇ ਮਸੀਹੀ ਵੀ ''ਪੜ੍ਹ ਕੇ ਇਸ ਤਸੱਲੀ ਦੀ ਗੱਲੋਂ ਬਹੁਤ ਅਨੰਦ ਹੋਏ'' (ਆਇਤ 31)। ਯਹੂਦੀ ਸਿੱਖਿਆ ਥੋਪ ਕੇ ਠ੍ਹਾ ਕਰਕੇ ਦਰਵਾਜ਼ਾ ਮਾਰਨ ਵਾਲਿਆਂ ਨੂੰ ਮਾਤ ਮਿਲ ਚੁੱਕੀ ਸੀ ਗੈਰ ਕੌਮਾਂ ਲਈ ਖ਼ੁਦਾ ਉੱਤੇ ਵਿਸ਼ਵਾਸ ਕਰਨ ਦਾ ਦਰਵਾਜ਼ਾ ਖੁੱਲ੍ਹਿਆ ਰਿਹਾ!


## ਅੱਜ ਦੇ ਠ੍ਹਾ ਕਰਕੇ ਦਰਵਾਜ਼ਾ ਮਾਰਨ ਵਾਲੇ

ਯਰੂਸ਼ਲਮ ਵਿਚ ਹੋਈ ਬੈਠਕ ਵਿਚ ਮਾਮਲਾ ਹਮੇਸ਼ਾ ਲਈ ਸੁਲਝ ਨਹੀਂ ਗਿਆ। ਅਜੇ ਬਹੁਤੀ ਦੇਰ ਨਹੀਂ ਹੋਈ ਸੀ ਕਿ ਠ੍ਹਾ ਕਰਕੇ ਦਰਵਾਜ਼ਾ ਮਾਰਨ ਵਾਲੇ (ਜਾਂ ਉਨ੍ਹਾਂ ਦੇ ਰੂਹਾਨੀ ਚਚੇਰੇ ਭਰਾ) ਇਧਰ ਉਧਰ ਗੈਰ ਕੌਮਾਂ ਨੂੰ ਇਹ ਦੱਸਦੇ ਘੁੰਮ ਰਹੇ ਸਨ ਕਿ ਉਨ੍ਹਾਂ ਲਈ ਸੁੰਨਤ ਕਰਵਾਉਣੀ ਅਤੇ ਸ਼ਰ੍ਹਾ ਦਾ ਪਾਲਣ ਕਰਾਉਣਾ ਜ਼ਰੂਰੀ ਹੈ। ਪੌਲੁਸ ਦੀਆਂ ਬਹੁਤ ਸਾਰੀਆਂ ਮੁਢਲੀ ਪੱਤਰੀਆਂ ਵਿਚ ਖ਼ਾਸ ਕਰਕੇ ਗਲਾਤੀਆਂ ਅਤੇ ਰੋਮੀਆਂ ਦੇ ਨਾਂਅ ਪੱਤਰੀਆਂ ਵਿਚ ਇਸ ਮੁਸ਼ਕਿਲ ਉੱਤੇ ਵਿਸਤਾਰ ਨਾਲ ਚਰਚਾ ਕੀਤੀ ਗਈ ਹੈ। ਬਦਕਿਸਮਤੀ ਨਾਲ, ਠ੍ਹਾ ਕਰਕੇ ਦਰਵਾਜ਼ਾ ਮਾਰਨ ਵਾਲੇ ਇਨ੍ਹਾਂ ਲੋਕਾਂ ਦੇ ਬਾਲ ਬੱਚੇ ਵਧ ਗਏ ਜੋ ਅੱਜ ਸਾਡੇ ਦਰਮਿਆਨ ਮੌਜੂਦ ਹਨ।

**ਸ਼ਰ੍ਹਾਪ੍ਰਸਤ ਠ੍ਹਾ ਕਰਕੇ ਦਰਵਾਜ਼ਾ ਮਾਰਨ ਵਾਲੇ**

ਮਿਸਾਲ ਦੇ ਤੌਰ ਤੇ ਅੱਜ ਵੀ ਸਾਡੇ ਵਿਚ ਅਜਿਹੇ ਲੋਕ ਹਨ ਜੋ ਅਜਿਹੀ ਸਿੱਖਿਆ ਦਿੰਦੇ ਹਨ ਕਿ ਮਸੀਹੀ ਲੋਕਾਂ ਲਈ ਪੁਰਾਣੇ ਨੇਮ ਜਾਂ ਉਹਦੇ ਕੁਝ ਹਿੱਸੇ ਦਾ ਪਾਲਣ ਕਰਨਾ ਜ਼ਰੂਰੀ ਹੈ। ਇਕ ਧਾਰਮਿਕ ਗੁੱਟ ਆਪਣੇ ਪਵਿੱਤਰ ਅਸਥਾਨਾਂ, ਅਲਹਿਦਾ ਯਾਜਕਾਈ, ਧੂਫ਼ ਅਤੇ ਮੋਮਬੱਤੀਆਂ ਬਾਲਣ ਦੇ ਇਖ਼ਤਿਆਰ ਦੇ ਸਬੂਤ ਲਈ ਪੁਰਾਣੇ ਨੇਮ ਵਿਚ ਲੈ ਜਾਂਦਾ ਹੈ। ਇਕ ਹੋਰ ਗੁੱਟ ਇਹ ਸਿਖਾਉਣ ਲਈ ਕਿ ਮਸੀਹੀ ਲੋਕਾਂ ਦੀ ਬੰਦਗੀ ਦਾ ਖ਼ਾਸ ਦਿਨ ਹਫ਼ਤੇ ਦਾ ਪਹਿਲਾ ਨਹੀਂ ਸਗੋਂ ਸਤਵਾਂ ਦਿਨ ਹੈ, ਕੂਚ 20 ਅਧਿਆਇ ਵਿਚ ਲੈ ਜਾਂਦਾ ਹੈ। ਬਹੁਤ ਸਾਰੇ ਧਾਰਮਿਕ ਸੰਗਠਨ ਆਪਣੀ ਰਵਾਇਤੀ ਬੰਦਗੀ, ਜਿਸ ਵਿਚ ਸਾਜ਼ ਅਤੇ ਕੁਆਇਰਾਂ ਸ਼ਾਮਲ ਹਨ, ਦਾ ਅਧਾਰ ਪੁਰਾਣੇ ਨੇਮ ਦੇ ਢੰਗਾਂ ਨੂੰ ਦੱਸਦੇ ਹਨ। ਕਈ ਤਾਂ ਇਕ ਤੋਂ ਵੱਧ ਪਤਨੀਆਂ ਰੱਖਣ ਤਕ ਦੀ ਆਪਣੀ ਗੱਲ ਨੂੰ ਜਾਇਜ਼ ਠਹਿਰਾਉਣ ਲਈ ਪੁਰਾਣੇ ਨੇਮ ਦੇ ਹਵਾਲੇ ਦਿੰਦੇ ਹਨ।

ਸਾਡੇ ਵਿੱਚੋਂ ਕਈਆਂ ਲਈ ਇਹ ਸਮਝਣਾ ਔਖਾ ਹੋਵੇਗਾ ਕਿ ਰਸੂਲਾਂ ਦੇ ਕੰਮ 15 ਵਿਚ ਯਹੂਦੀ ਸਿੱਖਿਆ ਦੇਣ ਵਾਲੇ ਅਤੇ ਅੱਜ ਸ਼ਰ੍ਹਾ ਨੂੰ ਲੋਕਾਂ ਉੱਤੇ ਲੱਦਣ ਵਾਲੇ ਇਹੋ ਜਿਹੀ ਬੇਬੁਨਿਆਦ ਗਲਤੀ ਕਰ ਸਕਦੇ ਹਨ। ਸਾਡੇ ਵਿੱਚੋਂ ਕਈ ਲੋਕ ਬਚਪਨ ਤੋਂ ਅਸਾਨ ਰੇਖਾ ਚਿੱਤਰ ਵੇਖਦੇ ਆ ਰਹੇ ਹਨ ਜਿਨ੍ਹਾਂ ਵਿਚ ਪੁਰਾਣੇ ਨੇਮ ਨੂੰ ਸਲੀਬ ਉੱਤੇ ਕਿੱਲਾਂ ਨਾਲ ਜੜੇ (ਕੁਲੁਸੀਆਂ 2:14, 16) ਅਤੇ ਯਿਸੂ ਦੀ ਮੌਤ ਨਾਲ ਨਵੇਂ ਨੇਮ ਦੇ ਲਾਗੂ ਹੋਣ ਨੂੰ ਵਿਖਾਇਆ ਜਾਂਦਾ ਹੈ (ਇਬਰਾਨੀਆਂ 9:16, 17)। ਸਮਝਣ ਲਈ ਅਸਾਨ ਕੀ ਹੋ ਸਕਦਾ ਹੈ?




ਰਸੂਲਾਂ ਦੇ ਕੰਮ 15 ਅਧਿਆਇ ਵਿਚ ਯਹੂਦੀ ਸਿੱਖਿਆ ਮਿਲਾਉਣ ਵਾਲਿਆਂ ਬਾਰੇ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਗਲਾਤੀਆਂ ਅਤੇ ਰੋਮੀਆਂ ਦੀਆਂ ਪੱਤਰੀਆਂ ਅਜੇ ਲਿਖੀਆਂ

ਨਹੀਂ ਗਈਆਂ ਸਨ ਅਤੇ ਯਹੂਦੀਆਂ ਤੋਂ ਮਸੀਹੀ ਬਣਨ ਵਾਲੇ ਲੋਕਾਂ ਨੂੰ ਸ਼ਰ੍ਹਾ ਬਾਰੇ ਹੌਲੀ ਹੌਲੀ ਸਮਝ ਆ ਰਹੀ ਸੀ। ਦੂਜੇ ਪਾਸੇ, ਅੱਜ ਜਦ ਅਸੀਂ ਸ਼ਰ੍ਹਾ ਥੋਪਣ ਵਾਲਿਆਂ ਨੂੰ ਵੇਖਦੇ ਹਾਂ, ਤਾਂ ਅਸੀਂ ਸਿਰਫ਼ ਐਨੀ ਹੀ ਟਿੱਪਣੀ ਕਰਦੇ ਹਾਂ ਕਿ ਉਨ੍ਹਾਂ ਨੂੰ ਪੌਲੁਸ ਦੀਆਂ ਪੱਤਰੀਆਂ ਨੂੰ ਧਿਆਨ ਨਾਲ ਪੜ੍ਹਨ ਦੀ ਲੋੜ ਹੈ। ਗਲਾਤੀਆਂ ਦੇ ਨਾਂਅ ਆਪਣੀ ਪੱਤਰੀ ਵਿਚ, ਪੌਲੁਸ ਨੇ ਜ਼ੋਰ ਦਿੱਤਾ ਕਿ ਸ਼ਰ੍ਹਾ ਨੇ ਆਪਣਾ ਮਕਸਦ ਪੂਰਾ ਕਰ ਲਿਆ ਹੈ ਅਤੇ ਹੁਣ ਅਸੀਂ ਇਸ ਦੇ ਅਧੀਨ ਨਹੀਂ ਹਾਂ (ਗਲਾਤੀਆਂ 3:16, 19, 24, 25)। ਰੋਮੀਆਂ ਦੀ ਕਿਤਾਬ ਵਿਚ ਪੌਲੁਸ ਨੇ ਜ਼ੋਰ ਦਿੱਤਾ ਹੈ ਕਿ ''ਉਹ ਦੇ ਅੱਗੇ ਸ਼ਰ੍ਹਾ ਦੇ ਕਰਮਾਂ ਤੋਂ ਕੋਈ ਸਰੀਰ ਧਰਮੀ *ਨਹੀਂ* ਠਹਿਰੇਗਾ'' (ਰੋਮੀਆਂ 3:20), ਅਤੇ ਅਫ਼ਸੀਆਂ ਦੇ ਨਾਂਅ ਆਪ ਪੱਤਰ ਵਿਚ ਉਸ ਨੇ ਸਿਰਫ਼ ਐਨਾ ਹੀ ਕਿਹਾ ਕਿ ''ਤੁਸੀਂ *ਕਿਰਪਾ ਤੋਂ* ਨਿਹਚਾ ਦੇ ਰਾਹੀਂ ਬਚਾਏ ਗਏ'' (ਅਫ਼ਸੀਆਂ 2:8)।

**ਰਵਾਇਤ ਥੋਪ ਕੇ ਠ੍ਹਾ ਕਰਕੇ ਦਰਵਾਜ਼ਾ ਬੰਦ ਕਰਨ ਵਾਲੇ**

ਮੂਸਾ ਦੀ ਸ਼ਰ੍ਹਾ ਨੂੰ ਥੋਪਣ ਦੀ ਕੋਸ਼ਿਸ਼ ਕਰਨ ਵਾਲੇ ਹੀ ਸਾਡੀ ਰੂਹਾਨੀ ਅਜ਼ਾਦੀ ਦੇ ਦਰਵਾਜ਼ੇ ਨੂੰ ਠ੍ਹਾ ਕਰਕੇ ਬੰਦ ਕਰਨ ਵਾਲੇ ਨਹੀਂ ਹਨ। ਰਸੂਲਾਂ ਦੇ ਕੰਮ 15 ਵਿਚ ਫ਼ਰੀਸੀਆਂ ਦਾ ਜ਼ਿਕਰ ਸਾਨੂੰ ਯਾਦ ਦੁਆਉਂਦਾ ਹੈ ਕਿ ਫ਼ਰੀਸੀਆਂ ਅਤੇ ਮਨੁੱਖਾਂ ਦੀਆਂ ਬਣਾਈਆਂ ਪਰੰਪਰਾਵਾਂ ਨੂੰ ਹੀ ਉਹ ਲਿਖਤ ਵਾਂਗ ਮੰਨਣ ਲਈ ਮਜਬੂਰ ਕਰਦੇ। ਯਿਸੂ ਨੇ ਫ਼ਰੀਸੀਆਂ ਦੀਆਂ ਸਿੱਖਿਆਵਾਂ ਦੀ ਗੱਲ ਕਰਦਿਆਂ ਕਿਹਾ ਕਿ ''ਉਹ ਭਾਰੇ ਬੋਝ ਜਿਨ੍ਹਾਂ ਦਾ ਚੁੱਕਣਾ ਔਖਾ ਹੈ ਬੰਨ੍ਹ ਕੇ ਮਨੁੱਖਾਂ ਦਿਆਂ ਮੋਢਿਆਂ ਉੱਤੇ ਰੱਖਦੇ ਹਨ ...'' (ਮੱਤੀ 23:4)।

ਜ਼ਰੂਰੀ ਨਹੀਂ ਕਿ ਪਰੰਪਰਾਵਾਂ ਆਪਣੇ ਆਪ ਵਿਚ ਬੁਰੀਆਂ ਹੀ ਹੋਣ। ਸਾਡੇ ਵਿੱਚੋਂ ਕਈਆਂ ਦੀਆਂ ਆਪਣੀਆਂ ਖ਼ਾਨਦਾਨੀ ਪਰੰਪਰਾਵਾਂ ਹਨ ਜਿਨ੍ਹਾਂ ਨਾਲ ਸਬੰਧ ਮਜ਼ਬੂਤ ਹੁੰਦੇ ਹਨ। ਪ੍ਰਭੂ ਦੀ ਕਲੀਸੀਆ ਵਿਚ, ਬੰਦਗੀ ਅਤੇ ਕੰਮ ਲਈ ਉਨ੍ਹਾਂ ਰਵਾਇਤੀ ਢੰਗਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ ਜਿਨ੍ਹਾਂ ਨਾਲ ਲਿਖਤ ਦਾ ਵਿਰੋਧ ਨਾ ਹੁੰਦਾ ਹੋਵੇ। ਪਰ ਪਰੰਪਰਾਵਾਂ ਨੂੰ ਲਿਖਤ ਨਾਲ ਮਿਲਾ ਕੇ ਅਤੇ ਆਪਣੀਆਂ ਪਰੰਪਰਾਵਾਂ ਨੂੰ ਦੂਜਿਆਂ ਉੱਤੇ ਥੋਪਣ ਦੀ ਕੋਸ਼ਿਸ਼ ਕਰਕੇ ਅਸੀਂ ਮੱਤੀ 15:9 ਵਿਚ ਯਿਸੂ ਦੇ ਇਨ੍ਹਾਂ ਸ਼ਬਦਾਂ ਨਾਲ ਦੋਸ਼ੀ ਠਹਿਰਦੇ ਹਾਂ: ''ਉਹ ਵਿਰਥਾ ਮੇਰੀ ਉਪਾਸਨਾ ਕਰਦੇ ਹਨ, ਉਹ ਮਨੁੱਖਾਂ ਦੇ ਹੁਕਮਾਂ ਦੀ ਸਿੱਖਿਆ ਦਿੰਦੇ ਹਨ।''[34]

ਧਾਰਮਿਕ ਜਗਤ ਅੱਜ ਇਨਸਾਨ ਦੇ ਬਣਾਏ ਅਕੀਦਿਆਂ ਨਾਲ ਭਰਿਆ ਪਿਆ ਹੈ, ਉਨ੍ਹਾਂ ਵਿੱਚੋਂ ਹਰ ਇਕ ਸਮਾਜ ਦੇ ਇਕ ਭਾਗ ਨੂੰ ਮੰਨਣਾ ਪੈਂਦਾ ਹੈ ਜੋ ਕਈਆਂ ਨੂੰ ਚੰਗਾ ਲਗਦਾ ਹੈ। ਉਨ੍ਹਾਂ ਨੂੰ ਦੂਜਿਆਂ ਨੂੰ ਕੁਝ ਕਰਨ ਅਤੇ ਵਿਚਾਰਨ ਲਈ ਦੱਸਣ ਵਿਚ ਆਪਣੀ ਸੁਰੱਖਿਆ ਲਗਦੀ ਹੈ। ਕਿਹਾ ਜਾਂਦਾ ਹੈ ਕਿ ''ਗੁਲਾਮੀ ਵਿਚ ਇਕ ਤਰ੍ਹਾਂ ਦੀ ਸੁਰੱਖਿਆ ਹੈ।''[35] ਪਰ ਮੇਰੀ ਦੁਆ ਹੈ ਕਿ ਸਾਡੇ ਵਿੱਚੋਂ ਕੋਈ ਵੀ ਮਸੀਹ ਵਿਚ ਆਪਣੀ ਅਜ਼ਾਦੀ ਨੂੰ ਇਨਸਾਨ ਦੀਆਂ ਬਣਾਈਆਂ ਸਿੱਖਿਆਵਾਂ ਦਾ ਗੁਲਾਮ ਨਾ ਬਣਨ ਦੇਵੇ। ਪੌਲੁਸ ਨੇ ਲਿਖਿਆ ਹੈ, ''ਅਜ਼ਾਦੀ ਲਈ ਮਸੀਹ ਨੇ ਸਾਨੂੰ ਅਜ਼ਾਦ ਕੀਤਾ, ਇਸ ਲਈ ਦ੍ਰਿੜ ਰਹੋ ਅਤੇ ਗੁਲਾਮੀ ਦੇ ਜੂਲੇ ਹੇਠਾਂ ਮੁੜ ਕੇ ਨਾ ਜੁੱਪੋ'' (ਗਲਾਤੀਆਂ 5:1)।

ਇੰਜੀਲ ਵਾਸਤੇ ਦੁਨੀਆਂ ਦੇ ਹੁਣੇ ਹੁਣੇ ਖੁੱਲ੍ਹਣ ਵਾਲੇ ਖੇਤਰਾਂ ਵਿਚ ਇਕ ਖ਼ਾਸ ਚਿਤਾਵਨੀ ਦੀ ਲੋੜ ਹੈ (ਵੇਖੋ 20:28-31)। ਮਿਸ਼ਨ ਖੇਤਰ ਵਿਚ ਮੇਰੇ ਤਜਰਬੇ ਨੇ ਮੈਨੂੰ ਸਿਖਾਇਆ ਹੈ ਕਿ ਕਿਸੇ ਨਵੇਂ ਇਲਾਕੇ ਵਿਚ ਪ੍ਰਭੂ ਦੀ ਕਲੀਸੀਆ ਕਾਇਮ ਹੋਣ ਅਤੇ ਵਧਣ ਦੇ ਨਾਲ ਹੀ

''ਚੁੱਪ ਕੀਤੇ ਉਸ ਅਜ਼ਾਦੀ ਦੀ ਸੂਹ ਲੈਣ ਲਈ ਜਿਹੜੀ ਮਸੀਹ ਯਿਸੂ ਵਿਚ [ਨਵੇਂ ਮਸੀਹੀ ਲੋਕਾਂ ਨੂੰ] ਮਿਲੀ ਹੈ ਚੋਰੀ ਵੜ [ਆਉਣ ਵਾਲੇ] [ਉਨ੍ਹਾਂ ਨੂੰ] ਬੰਧਨ ਵਿਚ ਲਿਆਉਣ'' (ਗਲਾਤੀਆਂ 2:4) ਦੀਆਂ ਕੋਸ਼ਿਸ਼ਾਂ ਸ਼ੁਰੂ ਕਰ ਦਿੰਦੇ ਹਨ। ਰਸੂਲਾਂ ਦੇ ਕੰਮ 15 ਵਿਚ ਅੰਤਾਕੀਆ ਵਿਚ ਆਉਣ ਵਾਲਿਆਂ ਨੇ ਯਰੂਸ਼ਲਮ ਤੋਂ ਹੋਣ ਦਾ ਫ਼ਾਇਦਾ ਚੁੱਕਿਆ ਸੀ। ਅੱਜ ਕਈ ਲੋਕਾਂ ਨੂੰ ਲਗਦਾ ਹੈ ਕਿ ਅਮਰੀਕਾ ਆਦਿ ਦੇਸ਼ਾਂ ਵਿੱਚੋਂ ਆਉਣ ਵਾਲਾ ਪ੍ਰਚਾਰਕ ਕਿਹੋ ਜਿਹਾ ਵੀ ਹੋਵੇ, ਸਿੱਖਿਆ ਵਿਚ ਮਜ਼ਬੂਤ ਹੀ ਹੋਵੇਗਾ (2 ਤਿਮੋਥਿਉਸ 4:3), ਪਰ ਦੁੱਖ ਦੀ ਗੱਲ ਹੈ ਕਿ ਇੰਜ ਨਹੀਂ ਹੈ। ਕਲੀਸੀਆ ਉੱਤੇ ਕੁਝ ਅਜਿਹੇ ਨਿਯਮ ਜੋ ਉਹਦੇ ਆਪਣੇ ਹੀ ਦਿਮਾਗ ਦੀ ਕਾਢ ਹਨ, ਥੋਪਣ ਦੀ ਕੋਸ਼ਿਸ਼ ਕਰਨ ਵਾਲਾ ਖ਼ੁਦਾ ਵੱਲੋਂ ਨਹੀਂ ਹੈ, ਇਸ ਕਰਕੇ ਸਾਨੂੰ ਉਸ ਤੋਂ ਚੌਕਸ ਰਹਿਣ ਦੀ ਲੋੜ ਹੈ।[36] ਮਸੀਹੀ ਤਜਰਬੇ ਦੇ ਬਹੁਤ ਸਾਰੇ ਖੇਤਰਾਂ ਵਿਚ ਬਾਈਬਲ ਦੀ ਬੁਨਿਆਦੀ ਸਿੱਖਿਆ ਦਾ ਉਲੰਘਣ ਕੀਤੇ ਬਗੈਰ ਸਾਨੂੰ ਆਪਣੀ ਸਮਝ ਨਾਲ ਨਿਆਂ ਕਰਨ ਦੀ ਖੁੱਲੀ ਛੁੱਟ ਹੈ।[37] ਅਜ਼ਾਦੀ ਦੇ ਇਸ ਦਰਵਾਜ਼ੇ ਨੂੰ ਠ੍ਹਾ ਕਰਕੇ ਬੰਦ ਕਰਨ ਦੀ ਕਿਸੇ ਨੂੰ ਵੀ ਇਜਾਜ਼ਤ ਨਹੀਂ ਹੈ!

### ਕਰਮਾਂ ਨਾਲ ਠ੍ਹਾ ਕਰਕੇ ਦਰਵਾਜ਼ਾ ਮਾਰਨ ਵਾਲੇ

ਇਕ ਹੋਰ ਤਰ੍ਹਾਂ ਦੇ ਠ੍ਹਾ ਕਰਕੇ ਦਰਵਾਜ਼ਾ ਮਾਰਨ ਵਾਲਿਆਂ ਦਾ ਜ਼ਿਕਰ ਕੀਤੇ ਬਗੈਰ ਅਸੀਂ ਆਪਣਾ ਪਾਠ ਪੂਰਾ ਨਹੀਂ ਕਰ ਸਕਦੇ। ਇਹ ਕਰਮਾਂ ਨਾਲ ਨਜਾਤ ਦਾ ਦਰਵਾਜ਼ਾ ਬੰਦ ਕਰਨ ਵਾਲੇ ਲੋਕ ਹਨ। ਕਈ ਤਰ੍ਹਾਂ ਨਾਲ ਇਹ ਸਭ ਤੋਂ ਹੁਸ਼ਿਆਰ ਦਰਵਾਜ਼ਾ ਬੰਦ ਕਰਨ ਵਾਲੇ ਹਨ ਭਾਵ ਇਹ ਉਨ੍ਹਾਂ ਵਾਂਗ ਨਹੀਂ ਹਨ ਜਿਨ੍ਹਾਂ ਦਾ ਜ਼ਿਕਰ ਅਸੀਂ ਪਹਿਲਾਂ ਕਰ ਚੁੱਕੇ ਹਾਂ, ਕਿਉਂਕਿ (1) ਉਹ ਜ਼ੋਰ ਦਿੰਦੇ ਹਨ ਕਿ ਅਸੀਂ ਨਵੇਂ ਨੇਮ ਅਧੀਨ ਹਾਂ ਪੁਰਾਣੇ ਨੇਮ ਦੇ ਨਹੀਂ; (2) ਉਹ ਮਨੁੱਖਾਂ ਦੀਆਂ ਪਰੰਪਰਾਵਾਂ ਨੂੰ ਮੰਨਣ ਦਾ ਹੁਕਮ ਦਿੰਦੇ ਹਨ; (3) ਉਹ ਨਵੇਂ ਨੇਮ ਵਿਚ ਦਿੱਤੇ ਖ਼ੁਦਾ ਦੇ ਹੁਕਮਾਂ ਨੂੰ ਬਗੈਰ ਕੁਝ ਜੋੜੇ ਜਾਂ ਘਟਾਏ ਸਿਖਾਉਂਦੇ ਹਨ। ਇਸ ਸਭ ਲਈ ਅਸੀਂ ਉਨ੍ਹਾਂ ਦੀ ਤਰੀਫ਼ ਕਰਦੇ ਹਾਂ ਤਾਂ ਫਿਰ ਖ਼ਤਰਾ ਕਿੱਥੇ ਹੈ? ਖ਼ਤਰਾ ਇਸ ਗੱਲ ਵਿਚ ਹੈ ਕਿ ਠ੍ਹਾ ਕਰਕੇ ਦਰਵਾਜ਼ਾ ਮਾਰਨ ਵਾਲੇ ਇਹ ਲੋਕ ਖ਼ੁਦਾ ਦੇ ਫ਼ਜ਼ਲ ਨੂੰ ਤਿਆਗਣ ਤਕ ਮਨੁੱਖ ਦਾ ਹੁਕਮ ਮੰਨਣ ਉੱਤੇ ਜ਼ੋਰ ਦਿੰਦੇ ਹਨ। ਉਹ ਨਵੇਂ ਨੇਮ ਦੇ ਹੁਕਮਾਂ ਦੀ ਥਾਂ ਪੁਰਾਣੇ ਨੇਮ ਦੇ ਹੁਕਮ ਸਿਖਾਉਂਦੇ ਹਨ ਅਤੇ ਦਾਅਵਾ ਕਰਦੇ ਹਨ ਕਿ ਸਾਡੀ ਨਜਾਤ ਖ਼ੁਦਾ ਵੱਲੋ ਪੁਰਾਣੇ ਨੇਮ ਵਿਚ ਦਿੱਤੇ ਹੁਕਮਾਂ ਨੂੰ ਪੂਰੀ ਤਰ੍ਹਾਂ ਨਾਲ ਮੰਨਣ ਨਾਲ ਹੋਵੇਗੀ।

ਇਹ ਸਥਿਤੀ ਕਈ ਕਾਰਣਾਂ ਕਰਕੇ ਗਲਤ ਹੈ। ਪਹਿਲੀ ਅਤੇ ਅਹਿਮ ਗੱਲ, ਕਿ ਇਹ ਇਸ ਲਈ ਗਲਤ ਹੈ ਕਿਉਂਕਿ ਬਾਈਬਲ ਅਜਿਹਾ ਨਹੀਂ ਸਿਖਾਉਂਦੀ। ਰਸੂਲਾਂ ਦੇ ਕੰਮ 15 ਵਿਚ ਆਪਣੇ ਉਪਦੇਸ਼ ਵਿਚ ਪਤਰਸ ਨੇ ਉਪਦੇਸ਼ ਦੇ ਕੇ ਕਿਹਾ ਸੀ ਕਿ ਸਾਡੀ ਮੁਕਤੀ ''ਪ੍ਰਭੂ ਯਿਸੂ ਦੀ ਕਿਰਪਾ ਨਾਲ'' ਹੁੰਦੀ ਹੈ (ਆਇਤ 11)। ਇਹਦਾ ਮਤਲਬ ਹੈ ਕਿ ਗੈਰ ਕੌਮਾਂ ਦੀ ਮੁਕਤੀ ਮੂਸਾ ਦੀ ਸ਼ਰ੍ਹਾ ਮੰਨਣ ਨਾਲ ਨਹੀਂ ਹੋ ਸਕਦੀ ਸੀ। ਇਹਦਾ ਇਹ ਵੀ ਮਤਲਬ ਹੈ ਕਿ ਆਮ ਤੌਰ ਤੇ ਮਨੁੱਖ ਸ਼ਰ੍ਹਾ ਦਾ ਪਾਲਣ ਕਰਨ ਨਾਲ ਮੁਕਤੀ ਨਹੀਂ ਪਾ ਸਕਦਾ। ਅਫ਼ਸੀਆਂ 2:8, 9 ਵਿਚ ਪੌਲੁਸ ਨੇ ਇਸ ਸੱਚਾਈ ਉੱਤੇ ਜ਼ੋਰ ਦੇ ਕੇ ਕਿਹਾ, ''ਕਿਉਂ ਜੋ ਤੁਸੀਂ ਕਿਰਪਾ ਤੋਂ ਨਿਹਚਾ ਦੇ ਰਾਹੀਂ ਬਚਾਏ ਗਏ ਅਤੇ ਇਹ ਤੁਹਾਡੀ ਵੱਲੋਂ ਨਹੀਂ, ਇਹ ਪ੍ਰਮੇਸ਼ਵਰ ਦੀ ਬਖ਼ਸ਼ੀਸ਼ ਹੈ। ਇਹ ਕਰਨੀਆਂ ਤੋਂ ਨਹੀਂ ਅਜਿਹਾ ਨਾ ਹੋਵੇ ਕਿ ਕੋਈ ਘੁਮੰਡ ਕਰੇ'' (ਅਫ਼ਸੀਆਂ

2:8, 9)। ਇਸ ਨਾਲ ਖ਼ੁਦਾ ਦਾ ਹੁਕਮ ਮੰਨਣ ਦੀ ਗੱਲ ਬਾਹਰ ਨਹੀ ਹੋ ਜਾਂਦੀ (ਮੱਤੀ 7:21-23; ਇਬਰਾਨੀਆਂ 5:8, 9), ਪਰ ਇਹ ਸੰਭਾਵਨਾ *ਜ਼ਰੂਰ* ਨਿੱਕਲ ਜਾਂਦੀ ਹੈ ਕਿ ਸਾਡੇ ਵਿੱਚੋਂ ਕੋਈ ਵੀ ਆਪਣੀ ਮੁਕਤੀ ਕਮਾ ਨਹੀਂ ਸਕਦਾ। ਭਾਵੇਂ ਕੁਝ ਵੀ ਕਰ ਲਈਏ, ਅਸੀਂ ਖ਼ੁਦਾ ਨੂੰ ਕਰਜ਼ਦਾਰ ਨਹੀਂ ਬਣਾ ਸਕਦੇ (ਲੂਕਾ 17:10)। ''ਮੁਕਤੀ ਦੀ ਪ੍ਰਾਪਤੀ ਹਾਸਲ ਕਰਕੇ ਨਹੀਂ ਸਗੋਂ ਪ੍ਰਾਸ਼ਚਿੱਤ ਕਰਨ ਨਾਲ ਹੁੰਦੀ ਹੈ।''

ਪਤਰਸ ਨੇ ਕਿਹਾ ਕਿ ਕਰਮਾਂ ਨਾਲ ਮੁਕਤੀ ਵਾਲੀ ਗੱਲ ਗਲਤ ਹੈ ਕਿਉਂਕਿ ਇਹ ''ਚੇਲਿਆਂ ਦੀ ਧੌਣ ਤੇ ਜੂਲਾ (ਹੈ) ਜਿਹਨੂੰ ਨਾ ਸਾਡੇ ਪਿਉ ਦਾਦੇ, ਨਾ ਅਸੀਂ ਚੁੱਕ ਸਕਦੇ ਹਾਂ?'' (ਰਸੂਲਾਂ ਦੇ ਕੰਮ 15:10)। ਜਿਵੇਂ ਹਰ ਸੱਚੇ ਇਸਰਾਏਲੀ ਲਈ ਮੂਸਾ ਦੀ ਸ਼ਰ੍ਹਾ ਨੂੰ ਪੂਰੀ ਤਰ੍ਹਾਂ ਨਾ ਮੰਨਣ ਦੀ ਗੱਲ ਸੋਚੀ ਨਹੀਂ ਜਾ ਸਕਦੀ, ਉਵੇਂ ਹੀ ਹਰ ਸੱਚੇ ਮਸੀਹੀ ਲਈ ਮਸੀਹ ਦੇ ਹੁਕਮਾਂ ਨੂੰ ਪੂਰੀ ਤਰ੍ਹਾਂ ਮੰਨਣ ਦੀ ਗੱਲ ਮੰਨਣਾ ਵੀ ਜ਼ਰੂਰੀ ਹੈ।[38] ਜੀ ਤੋੜ ਕੋਸ਼ਿਸ਼ ਕਰਨ ਦੇ ਬਾਵਜੂਦ ਸਾਡੇ ਵਿਚ ਕੋਈ ਨਾ ਕੋਈ ਕਮੀ ਰਹਿ ਹੀ ਜਾਂਦੀ ਹੈ (ਰੋਮੀਆਂ 3:23; 7:15)। ਜੇ ਅਸੀਂ ਇਹ ਵਿਸ਼ਵਾਸ ਕਰਦੇ ਹਾਂ ਕਿ ਖ਼ੁਦਾ ਸਾਨੂੰ ਤਦ ਤਕ ਮੁਕਤੀ ਨਹੀਂ ਦੇਵੇਗਾ ਜਦ ਤਕ ਅਸੀਂ ਉਸਦੇ ਹੁਕਮ ਨੂੰ ਪੂਰੀ ਤਰ੍ਹਾਂ ਨਾਲ ਨਹੀਂ ਮੰਨਦੇ, ਤਾਂ ਪੂਰੀ ਕੋਸ਼ਿਸ਼ ਕਰਨ ਤੇ ਵੀ ਅਸੀਂ ਡੋਲ ਜਾਵਾਂਗੇ ਅਤੇ ਕੁਝ ਨਾ ਕਰਨ ਤੇ ਸਾਡਾ ਸਤਿਆਨਾਸ ਹੋਵੇਗਾ। ਕੋਈ ਵੀ ਜੋ ਇਸ ਸਿੱਖਿਆ ਨੂੰ ਫੜੀ ਬੈਠਾ ਹੈ, ਦੋਸ਼ ਦੇ ਭਾਰ ਨੂੰ ਚੁੱਕਣ ਲਈ ਤਿਆਰ ਰਹੇ। ''ਮੈਂ ਕਿੰਨਾ ਬਦਕਿਸਮਤ ਹਾਂ!'' ਉਹ ਪੁਕਾਰਦਾ ਹੈ। ''ਮੈਨੂੰ ਕੌਣ ਛੁਡਾਏਗਾ?'' (ਰੋਮੀਆਂ 7:24)। ਪਤਰਸ ਦੇ ਉਪਦੇਸ਼ ਵਾਂਗ ਇਹ ਅਹਿਸਾਸ ਕਰਨਾ ਕਿੰਨਾ ਸੁਰਖ਼ਰੂ ਕਰ ਦੇਣ ਵਾਲਾ ਹੈ ਕਿ ਖ਼ੁਦਾ ਸਾਡੀਆਂ ਜ਼ਿੰਦਗੀਆਂ ਦੀ ਸੰਪੂਰਣਤਾ ਨਹੀਂ ਸਗੋਂ ਸਾਡੇ ਮਨਾਂ ਦੇ ਵਿਸ਼ਵਾਸ ਨੂੰ ਵੇਖਦਾ ਹੈ (ਰਸੂਲਾਂ ਦੇ ਕੰਮ 15:8, 9)।

ਖ਼ੁਦਾ ਚਾਹੁੰਦਾ ਹੈ ਕਿ ਸਾਡੇ ਵਿਚ ਉਹਦੀ ਇੱਛਾ ਪੂਰੀ ਕਰਨ ਦੀ ਚਾਹ ਵਾਲਾ ਵਿਸ਼ਵਾਸ ਹੋਵੇ (ਗਲਾਤੀਆਂ 5:6; ਰੋਮੀਆਂ 1:5; ਯਾਕੂਬ 2:26)। ਜੋ ਕੋਈ ਇਹ ਤਰਕ ਦਿੰਦਾ ਹੈ ਕਿ ''ਮੈਂ ਆਪਣੀ ਮੁਕਤੀ ਨਹੀਂ ਕਰ ਸਕਦਾ; ਮੇਰੀ ਮੁਕਤੀ ਤਾਂ ਖ਼ੁਦਾ ਦੀ ਕਿਰਪਾ ਨਾਲ ਹੋਈ ਹੈ; ਇਸ ਕਰਕੇ ਖ਼ੁਦਾ ਦਾ ਹੁਕਮ ਮੰਨਣ ਦੀ ਕੋਈ ਲੋੜ ਨਹੀਂ ਹੈ,'' ਉਸ ਵਿਚ ਮੁਕਤੀ ਪਾਉਣ ਵਾਲੇ ਵਿਸ਼ਵਾਸ ਦੀ ਘਾਟ ਹੈ; ਉਹਦਾ ਮਨ ਖ਼ੁਦਾ ਅੱਗੇ ਸਹੀ ਨਹੀਂ ਹੈ। ਮੁਕਤੀ ਜਾਂ ਨਜਾਤ ਫ਼ਜ਼ਲ ਨਾਲ ਹੋਣਾ ਹੁਕਮ ਮੰਨਣ ਦੀ ਲੋੜ ਨੂੰ ਕੱਢਦਾ ਨਹੀਂ ਸਗੋਂ ਇਸ ਵਿਚ ਅਸੰਭਵ ਅਰਥਾਤ ਪਾਪ ਰਹਿਤ ਹੋਣ ਦੇ ਡਰ ਦੀ ਗੁਲਾਮੀ ਨਾਲ ਭਰੀ ਜ਼ਿੰਦਗੀ ਵੀ ਹੈ, ਤੋਂ ਅਜ਼ਾਦ ਜ਼ਰੂਰ ਕਰਦਾ ਹੈ।

ਜੋ ਬੰਦਾ ਇਹ ਐਲਾਨ ਕਰਦਾ ਹੈ ਕਿ ਮੇਰੇ ਲਈ ਮੁਕਤੀ ਪਾਉਣ ਲਈ ਸਿੱਧ ਜੀਵਨ ਜੀਉਣਾ ਜ਼ਰੂਰੀ ਹੈ, ਉਹਨੇ ਮੇਰੇ ਸਾਹਮਣੇ ਮੁਕਤੀ ਦੇ ਦਰਵਾਜ਼ੇ ਨੂੰ ਠ੍ਹਾ ਕਰਕੇ ਬੰਦ ਕਰ ਦਿੱਤਾ ਹੈ; ਕਿਉਂਕਿ ਸਭ ਕੁਝ ਕਰਨ ਦੇ ਬਾਵਜੂਦ ਮੈਂ ਤਾਂ ਪਾਪੀ ਹੀ ਰਹਾਂਗਾ। ਕਰਮਾਂ ਨਾਲ ਮੁਕਤੀ ਦਾ ਦਰਵਾਜ਼ਾ ਠ੍ਹਾ ਕਰਕੇ ਬੰਦ ਕਰਨ ਵਾਲਿਆਂ ਤੋਂ ਛੁਡਾਉਣ ਲਈ, ਖ਼ੁਦਾ ਦਾ ਸ਼ੁਕਰ ਕਰੋ!

## ਸਾਰ

ਅਗਲੇ ਦੋ ਪਾਠਾਂ ਵਿਚ ਅਸੀਂ ਇਸ ਗੱਲ ਤੇ ਜ਼ੋਰ ਦਿਆਂਗੇ ਕਿ ਭਾਈਆਂ ਨਾਲ ਅਸਹਿਮਤ ਹੋਣ ਤੇ ਵੀ ਕਈ ਵਾਰ ਸੰਘਰਸ਼ ਕਰਨਾ ਚਾਹੀਦਾ ਹੈ ਅਤੇ ਕਈ ਵਾਰ ਹਾਰ ਮੰਨ ਲੈਣੀ ਚਾਹੀਦੀ ਹੈ। ਜੇ ਕੋਈ ਮਸੀਹ ਵਿਚ ਸਾਡੀ ਅਜ਼ਾਦੀ ਨੂੰ ਖੋਹਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਹ ਇਕ

ਅਜਿਹਾ ਮੌਕਾ ਹੈ ਜਿਸ ਵਿਚ ਸਾਨੂੰ ਸੱਚਾਈ ਵਾਸਤੇ ਲੜਨਾ ਚਾਹੀਦਾ ਹੈ। ਜਦ ਝੂਠੀ ਸਿੱਖਿਆ ਦੇਣ ਵਾਲੇ ਅੰਤਾਕੀਆ ਵਿਚ ਵਿਸ਼ਵਾਸ ਦਾ ਉਹ ਦਰਵਾਜ਼ਾ ਜਿਸ ਨੂੰ ਗੈਰ ਕੌਮਾਂ ਲਈ ਖ਼ੁਦਾ ਨੇ ਖੋਲ੍ਹਿਆ ਸੀ, ਠ੍ਹਾ ਕਰਕੇ ਬੰਦ ਕਰਨ ਦਾ ਤਹੱਈਆ ਕਰਕੇ ਆਏ ਤਾਂ ''ਪੌਲੁਸ ਅਤੇ ਬਰਨਬਾਸ ਦਾ ਉਨ੍ਹਾਂ ਨਾਲ ਝਗੜਾ ਅਤੇ ਵਾਦ ਬਹੁਤ ਹੋਇਆ'' (15:2)। ਪੌਲੁਸ ਨੇ ਕਿਹਾ ਕਿ ਉਹ ''ਇਕ ਘੜੀ ਵੀ ਅਧੀਨ ਹੋ ਕੇ ਉਨ੍ਹਾਂ ਦੇ ਵੱਸ ਵਿਚ ਨਾ'' ਆਇਆ, ''ਤਾਂ ਜੋ ਖੁਸ਼ਖ਼ਬਰੀ ਦੀ ਸੱਚਿਆਈ ... ਬਣੀ ਰਹੇ'' (ਗਲਾਤੀਆਂ 2:5)।

1 ਜਨਵਰੀ 1863 ਨੂੰ, ਅਬਰਾਹਾਮ ਲਿੰਕਨ ਦਾ ਸੈਕਟਰੀ ਆਫ਼ ਸਟੇਟ, ਵਿਲੀਅਮ ਹੈਨਰੀ ਸੇਵਰਡ, ਲਿੰਕਨ ਕੋਲ ਇਮੈਂਸਿਪੇਸ਼ਨ ਪ੍ਰੋਕਲੇਮੇਸ਼ਨ[39] ਉੱਤੇ ਦਸਤਖਤ ਕਰਾਉਣ ਲਈ ਲਿਆਇਆ। ਲਿੰਕਨ ਨੇ ਦੋ ਵਾਰ ਪੈੱਨ ਚੁੱਕਿਆ ਅਤੇ ਦੋਵੇਂ ਵਾਰ ਹੇਠਾਂ ਰੱਖ ਦਿੱਤਾ। ਉਨ੍ਹਾਂ ਨੇ ਸੇਵਰਡ ਨੂੰ ਕਿਹਾ, ''ਮੇਰਾ ਹੱਥ ਸਵੇਰ ਦਾ ਨੌਂ ਵਜੇ ਦਾ ਕੰਮ ਨਹੀਂ ਕਰ ਰਿਹਾ ਹੈ ਅਤੇ ਮੇਰੀ ਸੱਜੀ ਬਾਂਹ ਤੇ ਜਿਵੇਂ ਸੁੰਨ ਹੀ ਹੋ ਗਈ ਹੈ। ਇਤਿਹਾਸ ਵਿਚ ਜੇ ਮੇਰੇ ਨਾਂਅ ਦੀ ਬਦਨਾਮੀ ਹੋਈ ਤਾਂ ਇਸੇ ਦਸਤਾਵੇਜ਼ ਕਰਕੇ ਹੋਵੇਗੀ। ਜੇ ਹੁਣ ਦਸਤਖ਼ਤ ਕਰਦਿਆਂ ਮੇਰਾ ਹੱਥ ਕੰਬਦਾ ਹੈ, ਤਾਂ ਬਾਅਦ ਵਿਚ ਕਾਗਜ਼ ਦੀ ਜਾਂਚ ਕਰਨ ਤੇ ਲੋਕ ਕਹਿਣਗੇ ਕਿ 'ਲਿੰਕਨ ਹਿਚਕਿਚਾ ਰਿਹਾ ਸੀ; ਉਹਨੇ ਦਸਤਖ਼ਤ ਦਿਲੋਂ ਨਹੀਂ ਕੀਤੇ।' ਜਦ ਤਕ ਮੇਰਾ ਹੱਥ ਸਹੀ ਕੰਮ ਨਹੀਂ ਕਰਦਾ ਤਦ ਤਕ ਮੈਂ ਇਸ ਉੱਤੇ ਦਸਤਖ਼ਤ ਨਹੀਂ ਕਰਾਂਗਾ।'' ਅਖ਼ੀਰ ਵਿਚ ਹੱਥ ਠੀਕ ਹੋਣ ਤੇ ਉਨ੍ਹਾਂ ਨੇ ਪੈੱਨ ਚੁੱਕਿਆ ਅਤੇ ਹੌਲੀ ਹੌਲੀ ਮਜ਼ਬੂਤੀ ਨਾਲ ਉਸ ਦਸਤਾਵੇਜ਼ ਉੱਤੇ ਦਸਤਖ਼ਤ ਕਰ ਦਿੱਤੇ। ਜਿਸ ਨਾਲ ਹਮੇਸ਼ਾ ਲਈ ਇਹ ਐਲਾਨਿਆ ਗਿਆ ਕਿ ਇਸ ਦੇਸ਼ ਦੇ ਸਭ ਲੋਕ ਅਜ਼ਾਦ ਹਨ।

ਰਸੂਲਾਂ ਦੇ ਕੰਮ 15 ਅਧਿਆਇ ਵਿਚਲੀ ਕਾਨਫ਼ਰੰਸ ਦੀ ਸਮੀਖਿਆ ਕਰਨ ਤੇ ਅਸੀਂ ਵੇਖਦੇ ਹਾਂ ਕਿ ਪਤਰਸ, ਪੌਲੁਸ, ਬਰਨਬਾਸ ਅਤੇ ਯਾਕੂਬ ਨੇ ਮਜ਼ਬੂਤੀ ਨਾਲ ਇਹ ਐਲਾਨ ਕੀਤਾ ਕਿ ਮਸੀਹੀ ਲੋਕ ਅਜ਼ਾਦ ਹਨ। ਜਦ ਲੋਕ ਸਾਡੀਆਂ ਜ਼ਿੰਦਗੀਆਂ ਦੀ ਸਮੀਖਿਆ ਕਰਦੇ ਹਨ, ਤਾਂ ਮੇਰੀ ਦੁਆ ਹੈ ਕਿ ਉਹ ਸਾਨੂੰ ਰੂਹਾਨੀ ਅਜ਼ਾਦੀ ਦਾ ਐਲਾਨ ਕਰਦਿਆਂ ਓਸੇ ਮਜ਼ਬੂਤੀ ਵਿਚ ਵੇਖ ਸਕਣ![40]

## ਸਰਮਨ ਨੋਟਸ

ਵਾਰੇਨ ਵਿਯਰਸਬੇ ਨੇ ਰਸੂਲਾਂ ਦੇ ਕੰਮ 15:1-35 ਦੀ ਰੂਪ ਰੇਖਾ ਤਿੰਨ ''Dਆਂ'' ਨਾਲ ਕੀਤੀ ਹੈ: (1) The Dispute ਭਾਵ ਝਗੜਾ (ਆਇਤਾਂ 1-15), (2) The Defense ਭਾਵ ਸਫ਼ਾਈ (ਆਇਤਾਂ 6-18), ਅਤੇ (3) The Decision ਭਾਵ ਫ਼ੈਸਲਾ (ਆਇਤਾਂ 19-35)। ਦੂਜੇ ਭਾਗ ਵਿਚ, ਉਨ੍ਹਾਂ ਨੇ ਯਾਦ ਦੁਆਇਆ ਕਿ ਪਤਰਸ ਨੇ ਅਤੀਤ ਦੀ ਸਮੀਖਿਆ ਕੀਤੀ (ਆਇਤਾਂ 6-11), ਪੌਲੁਸ ਅਤੇ ਬਰਨਬਾਸ ਨੇ ਮੌਜੂਦਾ ਰਿਪੋਰਟ ਦਿੱਤੀ (ਆਇਤ 12) ਅਤੇ ਯਾਕੂਬ ਨੇ ਇਸ ਸਭ ਨੂੰ ਭਵਿੱਖ ਨਾਲ ਜੋੜ ਦਿੱਤਾ (ਆਇਤਾਂ 13-18)।

''ਆਦਮੀ ਜਿਸ ਦਾ ਜ਼ਿਕਰ ਕਰਨਾ ਲੂਕਾ ਭੁੱਲ ਗਿਆ'' ਦੇ ਸਿਰਲੇਖ ਨਾਲ ਤੀਤੁਸ ਉੱਤੇ ਇਕ ਦਿਲਚਸਪ ਵਾਧੂ ਉਪਦੇਸ਼ ਦਿੱਤਾ ਜਾ ਸਕਦਾ ਹੈ। ਤੀਤੁਸ ਦੀ ਸੇਵਕਾਈ ਦੇ ਕੁਝ ਵੇਰਵਿਆਂ ਲਈ ਟਿੱਪਣੀਆਂ ਪੜ੍ਹੋ। ਪੌਲੁਸ ਵੱਲੋਂ ਉਸ ਨੂੰ ਲਿਖੀ ਪੱਤਰੀ ਦੀ ਸਮੱਗਰੀ ਵੀ ਵਰਤੋ।

ਂ

## ਟਿੱਪਣੀਆਂ

[1]ਇਸ ਕਹਾਣੀ ਨਾਲ ਜੁੜੀ ਕੋਈ ਅਜਿਹੀ ਆਪ ਬੀਤੀ ਜੋੜੀ ਜਾ ਸਕਦੀ ਹੈ ਜਿਸ ਵਿਚ ਸਫ਼ਰ ਕਰਦਿਆਂ ਤੁਹਾਨੂੰ ਅਚਾਨਕ ਜ਼ੋਰ ਦਾ ਝਟਕਾ ਲੱਗਾ ਹੋਵੇ। [2]ਸੜਕ ਵਿਚ ਬਣਾਈ ਕੁਝ ਇੰਚ ਉੱਚੀ ਇਕ ਪੱਟੀ ਨੂੰ ਬ੍ਰੇਕਰ ਕਹਿੰਦੇ ਹਨ। [3]ਕਈ ਯਹੂਦੀਆਂ ਨੇ ਵਿਸ਼ਵਾਸ ਕਰ ਲਿਆ (14:1), ਪਰ ਮੰਡਲੀਆਂ ਵਿਚ ਬਹੁਗਿਣਤੀ ਗੈਰ ਯਹੂਦੀਆਂ ਦੀ ਹੋਵੇਗੀ। [4]ਪੌਲੁਸ ਅਤੇ ਬਰਨਬਾਸ ਦੀ ਪਹਿਲੀ ਯਾਤਰਾ ਦੌਰਾਨ ਕਿਤੇ ਹੋਰ ਮੰਡਲੀਆਂ ਕਾਇਮ ਹੋਈਆਂ ਜਾਂ ਨਹੀਂ, ਦੱਸਿਆ ਨਹੀਂ ਗਿਆ। [5]''ਠ੍ਹਾ ਕਰਕੇ'' ਦਾ ਮੁੱਖ ਅਰਥ (ਕ੍ਰਿਆ ਦੇ ਰੂਪ ਵਿਚ ਵਰਤਣ ਤੇ) ਹੈ ''ਜ਼ੋਰ ਨਾਲ ਧੱਕਾ ਮਾਰ ਕੇ ਬੰਦ ਕਰਨਾ'' ਹੈ। ਇਸ ਪਾਠ ਵਿਚ ਮੈਂ ਇਹਦੀ ਵਰਤੋਂ ਇਸ ਕਰਕੇ ਕੀਤੀ ਹੈ ਕਿਉਂਕਿ ਇਹ ''ਬੰਦ ਕਰਨ'' ਨਾਲੋਂ ਵੱਧ ਜ਼ੋਰਦਾਰ ਸ਼ਬਦ ਹੈ। ਜਿਸ ਨਾਲ ਸੁਣਨ ਵਾਲਿਆਂ ਨੂੰ ਚੰਗੀ ਤਰ੍ਹਾਂ ਸਮਝਾਉਣ ਲਈ ਹੋਰ ਸ਼ਬਦਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ। [6]ਰੂੜੀਵਾਦੀ ਵਿਦਵਾਨਾਂ ਦਾ ਅਜੇ ਵੀ ਮੰਨਣਾ ਹੈ ਕਿ ਇਹ ਦੋ ਘਟਨਾਵਾਂ ਇੱਕੋ ਹੀ ਹਨ। ਪਰ ਕੁਝ ਰੂੜੀਵਾਦੀ ਲੇਖਕਾਂ ਦਾ ਫ਼ੈਸਲਾ ਹੈ ਕਿ ਗਲਾਤੀਆਂ 2:1-10 ਯਹੂਦੀਆ ਵਿਚ ਮਸੀਹ ਲੋਕਾਂ ਦੀ ਪਰੋਪਕਾਰੀ ਮਦਦ ਦੇ ਸਬੰਧ ਵਿਚ ਪੌਲੁਸ ਦੇ ਯਰੂਸ਼ਲਮ ਵਿਚ ਜਾਣ ਦੀ ਗੱਲ ਕਰਦਾ ਹੈ (11:30; 12:25)। ਉਦਾਹਰਣ ਲਈ, ਜੇ. ਡਬਲਯੂ. ਰੌਬਰਟਸ ਨੇ ਰਸੂਲਾਂ ਦੇ ਕੰਮ ਉੱਤੇ ਕਲਾਸ ਵਿਚ ਸਿਖਾਉਂਦਿਆਂ ਸਾਨੂੰ ਦੱਸਿਆ ਸੀ ਕਿ ਗਲਾਤੀਆਂ 2 ਅਤੇ ਰਸੂਲਾਂ ਦੇ ਕੰਮ 15 ਇੱਕੋ ਘਟਨਾ ਦੀ ਗੱਲ ਹੈ; ਪਰ ਬਾਅਦ ਵਿਚ ਜਦ ਉਨ੍ਹਾਂ ਨੇ ਰਸੂਲਾਂ ਦੇ ਕੰਮ ਦੀ ਕਿਤਾਬ ਉੱਤੇ ਦੋ ਮੁਤਾਲਿਆ ਲਿਖੇ ਤਾਂ ਉਨ੍ਹਾਂ ਨੇ ਕਿਹਾ ਕਿ ਗਲਾਤੀਆਂ 2:1-10 ਦੇ ਸ਼ੁਰੂ ਵਿਚ ਪੌਲੁਸ ਦੇ ਯਰੂਸ਼ਲਮ ਵਿਚ ਜਾਣ ਦੀ ਗੱਲ ਹੈ। [7]ਰਸੂਲਾਂ ਦੇ ਕੰਮ ਕਿਤਾਬ ਵਿਚ ਇਕ ਮੁਸ਼ਕਿਲ ਅਧਿਆਇ 15 ਵਿਚ ਪੌਲੁਸ ਦਾ ਯਰੂਸ਼ਲਮ ਵਿਚ ਤੀਜੀ ਵਾਰ ਜਾਣਾ ਹੈ, ਜਦ ਕਿ ਗਲਾਤੀਆਂ ਅਧਿਆਇ 2 ਵਿਚ ਉਸ ਦਾ ਦੂਜੀ ਵਾਰ ਜਾਣਾ ਲਗਦਾ ਹੈ। ਪਰ ਪੌਲੁਸ ਨੇ ਅਸਲ 'ਚ ਇਹ ਨਹੀਂ ਕਿਹਾ ਕਿ ਗਲਾਤੀਆਂ 2 ਵਿਚ ਜਾਣਾ ਉਹਦਾ ਦੂਜਾ ਦੌਰਾ ਸੀ। ਉਹਨੇ ਤਾਂ ਕਿਹਾ ਕਿ ''ਚੌਦਾਂ ਸਾਲ ਬਾਅਦ [ਆਪਣੀ ਮਨਬਦਲੀ ਦੇ ਕੁਝ ਸਾਲ ਬਾਅਦ, ਗਲਾਤੀਆਂ 1 ਵਾਲੇ ਦੇ ਦੌਰੇ ਦੇ ਬਾਅਦ] ਮੈ ਬਰਨਬਾਸ ਨਾਲ *ਫੇਰ* ਯਰੂਸ਼ਲਮ ਨੂੰ ਗਿਆ।'' ''ਫੇਰ'' ਸ਼ਬਦ ਯਰੂਸ਼ਲਮ ਵਿਚ ਥੋੜ੍ਹੀ ਦੇਰ ਲਈ ਜਦ ਉਹਦੇ ਕੋਲ ਕਿਸੇ ਰਸੂਲ ਕੋਲ ਜਾਣ ਦਾ ਮੌਕਾ ਨਹੀਂ ਹੋਵੇਗਾ (ਉਹ ਜਾਂ ਤਾਂ ਲੁਕੇ ਹੋਏ ਸਨ ਜਾਂ ਕੈਦ ਵਿਚ ਸਨ), ਵਾਧੂ ਦੌਰੇ ਦੀ ਸੰਭਾਵਨਾ ਨੂੰ ਨਕਾਰਦਾ ਨਹੀਂ ਹੈ (12:25 ਵਿਚ ਸੰਖੇਪ ਕੀਤਾ ਗਿਆ)। [8]ਗਲਾਤੀਆਂ 2 ਦੀ ਆਇਤ ਵਿੱਚੋਂ ਮੈਂ ਹਰ ਗੱਲ ਦੀ ਵਿਆਖਿਆ ਨਹੀਂ ਕਰਾਂਗਾ; *ਟਰੁੱਥ ਫ਼ਾਰ ਟੂਡੇ* ਦੀਆਂ ਦੂਜੀਆਂ ਕਿਤਾਬਾਂ ਵਿਚ ਗਲਾਤੀਆਂ ਦੀ ਪੱਤਰੀ ਉੱਤੇ ਚਰਚਾ ਮਿਲ ਜਾਵੇਗੀ। [9]ਮੈਂ ''ਜ਼ਾਹਿਰ ਤੌਰ ਤੇ'' ਸ਼ਬਦ ਦੀ ਵਰਤੋਂ ਕਰਦਾ ਹਾਂ ਕਿਉਂਕਿ ਇਹ ਉਨ੍ਹਾਂ ਤਰਕਸੰਗਤ ਵਿਆਖਿਆਵਾਂ ਵਿੱਚੋਂ ਇਕ ਹੈ ਜੋ ਯਹੂਦੀ ਸਿੱਖਿਆ ਦੇਣ ਵਾਲਿਆਂ ਨੇ ਦਿੱਤੀਆਂ; ਲੂਕਾ ਨੇ ਸਾਨੂੰ ਇਸ ਦਾ ਵੇਰਵਾ ਨਹੀਂ ਦਿੱਤਾ ਹੈ; ਇਸ ਲਈ ਅਸੀਂ ਪੱਕਾ ਨਹੀਂ ਕਹਿ ਸਕਦੇ ਕਿ ਉਹਨੂੰ ਉਸ ਸਮੇਂ ਅੰਤਾਕੀਆ ਵਿਚ ਜਾਣ ਲਈ ਕਿਸ ਗੱਲ ਨੇ ਪ੍ਰੇਰਿਆ। [10]ਕੁਰਨੇਲਿਉਸ ਖ਼ੁਦਾ ਦਾ ਖ਼ੌਫ਼ ਰੱਖਣ ਵਾਲਾ ਆਦਮੀ ਸੀ ਅਤੇ ਅੰਤਾਕੀਆ ਦੇ ਗੈਰ ਯਹੂਦੀ ਲੋਕ ਉੱਥੇ ਕੰਮ ਦੇ ਸ਼ੁਰੂ ਤੋਂ ਹੀ ਜ਼ਬਰਦਸਤ ਯਹੂਦੀ ਪ੍ਰਭਾਵ ਵਿਚ ਸਨ (11:19-21; 13:1); ਪਰ ਬਹੁਤ ਸਾਰੇ ਗੈਰ ਯਹੂਦੀਆਂ ਉੱਤੇ ਜਿਨ੍ਹਾਂ ਨੂੰ ਪੌਲੁਸ ਨੇ ਬਦਲਿਆ ਸੀ ਤਾਂ ਯਹੂਦੀ ਪ੍ਰਭਾਵ ਸੀ ਹੀ ਨਹੀਂ ਜਾਂ ਬਹੁਤ ਘੱਟ ਸੀ। ਇਸ ਕਰਕੇ ਕੁਝ ਯਹੂਦੀ ਮਸੀਹੀ ਡਰ ਗਏ। (ਕੁਰਿੰਥੁਸ ਦੀਆਂ ਕੁਝ ਗੈਰ ਯਹੂਦੀ ਕਲੀਸੀਆਵਾਂ ਵਿਚ ਬੁਰਾਈ ਤੋਂ ਪਤਾ ਲਗ ਸਕਦਾ ਹੈ ਕਿ ਯਹੂਦੀ ਮਸੀਹੀਆਂ ਨੂੰ ਕਿਸ ਗੱਲ ਦਾ ਡਰ ਸੀ।)

[11]ਆਪਣੇ ਪਾਠਾਂ ਵਿਚ ਅਸੀਂ ਇਸ ਗੱਲ ਦੇ ਵਿਸ਼ੇ ਤੇ ਗੱਲ ਕਰ ਚੁੱਕੇ ਹਾਂ ਕਿ ਪੌਲੁਸ ਆਪਣੀ ਮਨਬਦਲੀ ਤੋਂ ਪਹਿਲਾਂ ਇਕ ਫ਼ਰੀਸੀ ਸੀ ਪਰ ਲੂਕਾ ਨੇ ਰਸੂਲਾਂ ਦੇ ਕੰਮ ਵਿਚ 23:6 ਤਕ ਇਹ ਵੇਰਵਾ ਨਹੀਂ ਦਿੱਤਾ। [12]*ਟਰੁੱਥ ਫ਼ਾਰ ਟੂਡੇ* ਦੀ ਪੰਜਾਬੀ ਕਿਤਾਬ ''ਰਸੂਲਾਂ ਦੇ ਕੰਮ, 1'' ਦੀ ਅਰਥਾਵਲੀ ਵਿਚ ਵੇਖੋ ''ਫ਼ਰੀਸੀ।'' [13]ਜ਼ਿਆਦਾਤਰ ਟੀਕਾਕਾਰਾਂ ਨੂੰ ਯਰੂਸ਼ਲਮ ਦੀ ਕਲੀਸੀਆ ਨੂੰ ''ਮਦਰ ਚਰਚ'' ਕਹਿਣਾ ਚੰਗਾ ਲਗਦਾ ਹੈ। ਧਿਆਨ ਰੱਖਿਆ ਜਾਵੇ ਕਿ ਇਹ ਪ੍ਰਭਾਵ ਨਾ ਛੱਡਿਆ ਜਾਵੇ ਕਿ ਖ਼ੁਦਾ ਨੇ ਅਜਿਹੀ ਮੰਡਲੀ ਕਾਇਮ ਨਹੀਂ ਕੀਤੀ ਜੋ ਦੂਜਿਆਂ ਮੰਡਲੀਆਂ ਦੀ ਨਿਗਰਾਨੀ ਕਰਦੀ ਹੋਵੇ। ਕਲੀਸੀਆ ਲਈ ਖ਼ੁਦਾ ਦੇ ਸਭ ਤੋਂ ਪਹਿਲੇ ਮੁਕਾਸ਼ਫੇ ਦੇ ਸੋਮੇ ਦੇ ਰੂਪ ਵਿਚ *ਰਸੂਲਾਂ ਦੇ ਕੰਮ* ਦਾ ਸਭ ਮੰਡਲੀਆਂ ਨਾਲ ਇਕ ਅਨਿੱਖੜਵਾਂ ਸਬੰਧ ਸੀ। ਉਨ੍ਹਾਂ ਨੂੰ ਅਜਿਹੀ ਬਰਕਤ ਮਿਲੀ ਸੀ ਜੋ ਦੂਜਿਆਂ ਨੂੰ ਨਹੀਂ ਮਿਲੀ, ਪਰ ਯਰੂਸ਼ਲਮ ਦੀ ਕਲੀਸੀਆ ਨੇ ਹੋਰ ਮੰਡਲੀਆਂ ਦੀ ਨਿਗਰਾਨੀ ਨਹੀਂ ਰੱਖਣੀ ਸੀ। ਹਰ ਮੰਡਲੀ ਖ਼ੁਦ-ਮੁਖਤਿਆਰ (ਆਪਣਾ ਪ੍ਰਬੰਧ ਆਪ ਕਰਨ ਵਾਲੀ) ਸੀ। (ਯਰੂਸ਼ਲਮ ਦੀ ਕਲੀਸੀਆ ਦੇ ''ਮਦਰ'' ਚਰਚ ਹੋਣ ਬਾਰੇ, ਵੇਖੋ ਗਲਾਤੀਆਂ 4:26: ''ਪਰ ਯਰੂਸ਼ਲਮ ਜੋ *ਉਤਾਹਾਂ* [ਅਰਥਾਤ ਸਵਰਗ; ਧਰਤੀ ਵਾਲਾ ਯਰੂਸ਼ਲਮ ਨਹੀਂ]

ਹੈ'' ਉਹ ਅਜ਼ਾਦ ਹੈ, ਉਹ ਸਾਡੀ ਮਾਤਾ ਹੈ।) [14]ਕਿਸੇ ਗੈਰ ਯਹੂਦੀ ਮਰਦ ਦੇ ਯਹੂਦੀ ਮੁਰੀਦ ਬਣਨ ਲਈ ਸੁੰਨਤ ਮੁੱਖ ਗੱਲ ਸੀ (*ਟਰੁੱਥ ਫ਼ਾਰ ਟੂਡੇ* ਦੀ ਪੰਜਾਬੀ ਕਿਤਾਬ ''ਰਸੂਲਾਂ ਦੇ ਕੰਮ, 1'' ਦੀ ਅਰਥਾਵਲੀ ਵਿਚ ਵੇਖੋ ''ਯਹੂਦੀ ਮੁਰੀਦ'')। [15]ਰਸੂਲਾਂ ਦੇ ਕੰਮ 15 ਵਿਚ ''ਸ਼ਰ੍ਹਾ'' ਸ਼ਬਦ ਮੂਸਾ ਦੀ ਸ਼ਰ੍ਹਾ ਲਈ ਵਰਤਿਆ ਗਿਆ ਹੈ (ਆਇਤ 5)। ਇਸ ਪਾਠ ਵਿਚ ਮੈਂ ਮੂਸਾ ਦੀ ਸ਼ਰ੍ਹਾ ਅਤੇ ਆਮ ਸ਼ਰ੍ਹਾ ਦੀ ਗੱਲ ਕਰਾਂਗਾ। [16]ਆਇਤ 5 ਵਿਚ (*dei* ਤੋਂ ਅਨੁਵਾਦ ਹੋਇਆ) ''ਚਾਹੀਦਾ ਹੈ'' ਸ਼ਬਦ ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਉਨ੍ਹਾਂ ਨੇ ਆਪਣੀ ਪੇਸ਼ਕਸ਼ ਨੂੰ ਬਦਲਵੀਂ ਨਹੀਂ ਮੰਨਿਆ ਸੀ (ਵੇਖੋ ਰਸੂਲਾਂ ਦੇ ਕੰਮ 1:21; ਰੋਮੀਆਂ 13:5; ਇਬਰਾਨੀਆਂ 8:3)। [17]ਅਤੀਤ ਵਿਚ ਥੋੜ੍ਹੇ ਲੋਕਾਂ ਨੇ ਹੀ ਸੁੰਨਤ ਕਰਵਾਈ ਸੀ; ਇਹ ਵਿਸ਼ਵਾਸ ਕਰਨ ਦਾ ਕੋਈ ਕਾਰਣ ਨਹੀਂ ਸੀ ਕਿ ਹਾਲਾਤ ਬਗੈਰ ਕਿਸੇ ਜ਼ਬਰਦਸਤ ਪ੍ਰੇਰਣਾ ਦੇ ਬਦਲ ਜਾਣਗੇ। [18]ਗਲਾਤੀਆਂ 2:13 ਇਹ ਸੰਕੇਤ ਦੇ ਸਕਦਾ ਹੈ ਕਿ ਇਸ ਵਿਚ ਪੌਲੁਸ ਦਾ ਵਿਸ਼ਵਾਸ ਬਰਨਬਾਸ ਨਾਲੋਂ ਵੱਧ ਸੀ। ਹੋ ਸਕਦਾ ਹੈ ਕਿ ਪੌਲੁਸ ਨੇ ਯਹੂਦੀ ਸਿੱਖਿਆ ਲਿਆਉਣ ਵਾਲੇ ਭਾਈਆਂ ਦਾ ਵਿਰੋਧ ਕਰਨ ਵਿਚ ਪਹਿਲ ਕੀਤੀ ਹੋਵੇ, ਪਰ ਲਿਖਤ ਸਾਫ਼ ਦੱਸਦੀ ਹੈ ਕਿ ਬਰਨਬਾਸ ਨੇ ਵੀ ਝੂਠੀ ਸਿੱਖਿਆ ਦੇਣ ਵਾਲਿਆਂ ਦਾ ਵਿਰੋਧ ਕੀਤਾ ਸੀ (ਗਲਾਤੀਆਂ 2:5 ਵਿਚ ''ਅਸੀਂ'' ਸ਼ਬਦ ਵੇਖੋ)। [19]ਪੌਲੁਸ ਦੇ ਕਹਿਣ ਤੋਂ ਭਾਵ ਸੀ ਕਿ ਇਹ ਲੋਕ ਸੱਚੇ ਮਸੀਹੀ ਨਹੀਂ ਸਨ ਕਿਉਂਕਿ ਉਨ੍ਹਾਂ ਦਾ ਫ਼ੈਸਲਾ ਸੀ ਕਿ ਉਹ ਕਲੀਸੀਆ ਨੂੰ ਬਾਹਰੋਂ ਨਾਸ ਨਹੀਂ ਕਰ ਸਕੇ ਇਸ ਲਈ ਇਸ ਨੂੰ ਅੰਦਰੋਂ ਨਾਸ ਕਰਨ ਦੀ ਕੋਸ਼ਿਸ਼ ਕਰਨਗੇ। ਰਸੂਲਾਂ ਦੇ ਕੰਮ 15:5 ਵਿਚ ਇਸ ਨੂੰ ਮਿਲਾਉਣ ਵਿਚ ਥੋੜ੍ਹੀ ਮੁਸ਼ਕਿਲ ਲਗਦੀ ਹੈ, ਜੋ ਕਹਿੰਦਾ ਹੈ ਕਿ ਪੌਲੁਸ ਦਾ ਸਾਹਮਣਾ ਕਰਨ ਵਾਲੇ ਫ਼ਰੀਸੀਆਂ ਨੇ ''ਨਿਹਚਾ ਕੀਤੀ'' ਸੀ, ਜਿਸ ਦਾ ਮਤਲਬ ਇਹ ਹੋਇਆ ਕਿ ਉਹ ਸੱਚੇ ਦਿਲੋਂ ਮਸੀਹੀ ਨਹੀਂ ਰਹੇ ਸਨ। ਸਾਡੇ ਕੋਲ ਪੂਰਾ ਵੇਰਵਾ ਨਹੀਂ ਹੈ ਇਸ ਲਈ ਸਾਨੂੰ ਇਹ ਮਾਮਲਾ ਪ੍ਰਭੂ ਤੇ ਹੀ ਛੱਡ ਦੇਣਾ ਚਾਹੀਦਾ ਹੈ ਜੋ ਸਭ ਦੇ ਮਨਾਂ ਨੂੰ ਜਾਣਦਾ ਹੈ (ਰਸੂਲਾਂ ਦੇ ਕੰਮ 15:8) ਅਤੇ ਜਿਸ ਨੂੰ ਪਤਾ ਹੈ ਕਿ ਇਹ ਲੋਕ ਸੱਚੇ ਮਸੀਹੀ ਸਨ ਜਾਂ ਨਹੀਂ। [20]ਯਰੂਸ਼ਲਮ ਦੀ ਕਲੀਸੀਆ ਦੇ ਫ਼ੈਸਲੇ ਨੇ ਪੌਲੁਸ ਅਤੇ ਉਹਦੀ ਸਥਿਤੀ ਨੂੰ ਬਿਲਕੁਲ ਨਿਰਦੋਸ਼ ਠਹਿਰਾਇਆ। ਪੌਲੁਸ ਇਸ ਮਾਮਲੇ ਦੀ ਸੱਚਾਈ ਨੂੰ ਜਾਣਨ ਲਈ ਯਰੂਸ਼ਲਮ ਨੂੰ *ਨਹੀਂ* ਗਿਆ।

[21]ਪੌਲੁਸ ਦੇ ਦੁਸ਼ਮਣ ਜ਼ਿੰਦਗੀ ਭਰ ਉਹਦੇ ਰਸੂਲ ਹੋਣ ਤੇ ਸ਼ੱਕ ਕਰਦੇ ਰਹੇ ਅਤੇ ਉਸ ਨੂੰ ਇਸ ਦਾ ਜਵਾਬ ਦੇਣਾ ਪੈਂਦਾ ਸੀ (ਉਦਾਹਰਣ ਲਈ, ਵੇਖੋ 2 ਕੁਰਿੰਥੀਆਂ 10-13)। [22]ਰਵਾਇਤ ਮੁਤਾਬਕ, ਅੰਤਾਕੀਆ ਲੂਕਾ ਦਾ ਜੱਦੀ ਸ਼ਹਿਰ ਸੀ, ਇਸ ਲਈ ਕਈ ਲੋਕਾਂ ਦਾ ਕਿਆਫ਼ਾ ਹੈ ਕਿ ਤੀਤੁਸ ਲੂਕਾ ਦਾ ਭਰਾ ਸੀ। ਜੇ ਇਹ ਸਹੀ ਹੈ ਤਾਂ ਇਸ ਨਾਲ ਇਹ ਸਾਫ਼ ਹੋ ਜਾਂਦਾ ਹੈ ਕਿ ਇਨ੍ਹਾਂ ਤੱਥਾਂ ਦੇ ਬਾਵਜੂਦ (1) ਤੀਤੁਸ ਪੌਲੁਸ ਰਾਹੀਂ ਮਸੀਹੀ ਬਣਿਆ ਅਤੇ ਉਹ ਉਸ ਨੂੰ ਆਪਣਾ ਨਜ਼ਦੀਕੀ ਮੰਨਦਾ ਹੋਵੇਗਾ (ਤੀਤੁਸ 1:4), (2) ਤੀਤੁਸ ਪੌਲੁਸ ਦੀ ਤੀਜੀ ਮਿਸ਼ਨਰੀ ਯਾਤਰਾ ਵਿਚ ਉਸ ਦਾ ਸਾਥੀ ਸੀ (2 ਕੁਰਿੰਥੀਆਂ 2:13; 7:13, 14; 8:6, 16, 23; 12:18),
(3) ਰੋਮ ਵਿਚ ਉਹਦੀ ਪਹਿਲੀ ਕੈਦ ਤੋਂ ਛੁੱਟਣ ਸਮੇਂ (ਤੀਤੁਸ 1:5) ਤੀਤੁਸ ਉਹਦਾ ਸਾਥੀ ਸੀ ਅਤੇ (4) ਤੀਤੁਸ ਰੋਮ ਵਿਚ ਪੌਲੁਸ ਦੀ ਦੂਜੀ ਕੈਦ ਦੌਰਾਨ ਉਹਦੇ ਨਾਲ ਸੀ (2 ਤਿਮੋਥਿਉਸ 4:10), ਲੂਕਾ ਨੇ ਕਦੇ ਤੀਤੁਸ ਦਾ ਜ਼ਿਕਰ ਨਹੀਂ ਕੀਤਾ। [23]*ਟਰੁੱਥ ਫ਼ਾਰ ਟੂਡੇ* ਦੀ ਪੰਜਾਬੀ ਕਿਤਾਬ ''ਰਸੂਲਾਂ ਦੇ ਕੰਮ, 2'' ਦੇ ਪਾਠ ''ਕੰਧਾਂ ਢਹਿਣਾ'' ਵਿਚ ਮੈਂ ਸੁਝਾਵ ਦਿੱਤਾ ਸੀ ਕਿ ਖ਼ੁਦਾ ਨੇ ਮੱਤੀ 16:19ੳ ਦੇ ਵਾਅਦੇ ਨੂੰ ਪੂਰਾ ਕਰਨ ਦੇ ਇਕ ਭਾਗ ਦੇ ਰੂਪ ਵਿਚ ਕੁਰਨੇਲਿਉਸ ਨੂੰ ''ਪਤਰਸ ਨੂੰ ਸੱਦਣ'' ਲਈ ਕਿਹਾ। ਖ਼ਾਸ ਤੌਰ ਤੇ *ਟਰੁੱਥ ਫ਼ਾਰ ਟੂਡੇ* ਦੀ ਪੰਜਾਬੀ ਕਿਤਾਬ ''ਰਸੂਲਾਂ ਦੇ ਕੰਮ, 2'' ਵਿਚ ਰਸੂਲਾਂ ਦੇ ਕੰਮ 10:5-8 ਤੇ ਨੋਟਸ ਵੇਖੋ। [24]*ਟਰੁੱਥ ਫ਼ਾਰ ਟੂਡੇ* ਦੀ ਪੰਜਾਬੀ ਕਿਤਾਬ ''ਰਸੂਲਾਂ ਦੇ ਕੰਮ, 2'' ਵਿਚ 11:15-18 ਤੇ ਨੋਟਸ ਵੇਖੋ। [25]ਰੋਮੀਆਂ 3:22 ਵਿਚ ਪੌਲੁਸ ਦੀ ਗੱਲ ''ਕੁਝ ਭਿੰਨ ਭੇਦ ਨਹੀਂ'' ਦੀ ਤੁਲਨਾ ਇਸ ਗੱਲ ਨਾਲ ਕਰੋ। [26]*ਟਰੁੱਥ ਫ਼ਾਰ ਟੂਡੇ* ਦੀ ਪੰਜਾਬੀ ਕਿਤਾਬ ''ਰਸੂਲਾਂ ਦੇ ਕੰਮ, 1'' ਵਿਚ ਰਸੂਲਾਂ ਦੇ ਕੰਮ 5:9 ਤੇ ਨੋਟਸ ਵੇਖੋ। [27]ਬਲਦ ਦੀ ਧੌਣ ਤੇ ਜੂਲਾ ਰੱਖਣ ਦਾ ਮਕਸਦ ਖਿੱਚੇ ਜਾਣ ਵਾਲੇ ਭਾਰ ਨੂੰ ਬਰਾਬਰ ਵੰਡਣਾ ਹੈ। ਪਰ ਪਤਰਸ ਦੇ ਕਹਿਣ ਤੋਂ ਭਾਵ ਸੀ ਕਿ ਸ਼ਰ੍ਹਾ ਦਾ ''ਜੂਲਾ'' ਭਾਰਾ ਸੀ ਜੋ ਯਹੂਦੀਆਂ ਉੱਤੇ ਵਾਧੂ ਭਾਰ ਪਾਉਂਦਾ ਸੀ। ਯਿਸੂ ਨੇ ਆਪਣੀਆਂ ਸਿੱਖਿਆਵਾਂ ਨੂੰ ''ਜੂਲਾ'' ਕਿਹਾ (ਮੱਤੀ 11:30), ਪਰ ਉਹਨੇ ਕਿਹਾ ਕਿ ਉਹਦਾ ਜੂਲਾ ਹੌਲਾ ਹੈ; ਇਸ ਲਈ ਇਹ ਜੂਲੇ ਦੇ ਮਕਸਦ ਨੂੰ ਪੂਰਾ ਕਰਨ ਭਾਵ ਬੋਝ ਨੂੰ ਅਸਾਨ ਕਰਨ ਦੇ ਯੋਗ ਹੈ। [28]ਇਹ ਸਮਝ ਆ ਜਾਣਾ ਚਾਹੀਦਾ ਹੈ ਕਿ ਦੋਸ਼ ਸ਼ਰ੍ਹਾ ਵਿਚ ਨਹੀਂ ਸਗੋਂ ਸ਼ਰ੍ਹਾ ਨੂੰ ਪੂਰੀ ਤਰ੍ਹਾਂ ਨਾਲ ਮੰਨਣ ਵਿਚ ਮਨੁੱਖ ਦੀ ਅਯੋਗਤਾ ਵਿਚ ਸੀ। ਇਸੇ ਲਈ ਸਾਨੂੰ *ਫ਼ਜ਼ਲ* ਦੀ ਲੋੜ ਹੈ, ਨਾ ਕਿ ਸ਼ਰ੍ਹਾ ਦੀ। ਸਿਰਫ਼ ਯਿਸੂ ਮਸੀਹ ਹੀ ਹੈ ਜਿਸ ਨੇ ਸ਼ਰ੍ਹਾ ਦੀ ਬਿੰਦੀ ਬਿੰਦੀ ਪੂਰੀ ਕੀਤੀ। [29]ਕੱਢਣ ਦੀ ਪ੍ਰਕ੍ਰਿਆ ਤੋਂ ਸਾਨੂੰ ਪਤਾ ਹੈ ਕਿ ਯਾਕੂਬ ਯਿਸੂ ਦਾ ਮਤਰੇਆ ਭਰਾ ਸੀ। ਇਕ ਹੋਰ ਮਸ਼ਹੂਰ ਯਾਕੂਬ ਸਿਰਫ਼ ਯੂਹੰਨਾ ਦਾ ਹੀ ਭਰਾ ਸੀ ਅਤੇ ਉਸ ਦਾ ਸਿਰ ਵੱਢੇ ਜਾਣ ਬਾਰੇ

ਅਸੀਂ ਅਧਿਆਇ 12 ਵਿਚ ਪੜ੍ਹਦੇ ਹਾਂ। [30]ਇਸ ਨਾਲ ਮਿਲਦੀ ਜੁਲਦੀ ਘਟਨਾ ਵਿਚ ਗੜਬੜ ਫ਼ੈਲਾਉਣ ਵਾਲੇ ਕਈ ਲੋਕ ਗਲਾਤੀਆ ਵਿਚ ਇਹ ਦਾਅਵਾ ਕਰਦੇ ਹੋਏ ਆਏ ਕਿ ਉਹ ''ਯਾਕੂਬ ਦੀ ਵੱਲੋਂ ਆਏ'' ਹਨ (ਗਲਾਤੀਆਂ 2:12)। ਜੇ ਉਹ ਯਾਕੂਬ ਵੱਲੋਂ ਆਏ ਸਨ, ਤਾਂ ਉਨ੍ਹਾਂ ਨੇ ਆਪਣੇ ਹੀ ਦਿੱਤੇ ਹੁਕਮ ਨੂੰ ਤੋੜਿਆ ਸੀ। ਹੋ ਸਕਦਾ ਹੈ ਕਿ ਉਨ੍ਹਾਂ ਨੇ ਆਪਣੀ ਗੱਲ ਨੂੰ ਮੰਨਵਾਉਣ ਲਈ ਉਹਦੇ ਨਾਂਅ ਦੀ ਵਰਤੋਂ ਕੀਤੀ ਹੋਵੇ। ਉਨ੍ਹਾਂ ਵੱਲੋਂ ਯਾਕੂਬ ਦੇ ਨਾਂਅ ਦੀ ਵਰਤੋਂ ਤੋਂ ਇਹ ਸੰਕੇਤ ਮਿਲਦਾ ਹੈ ਕਿ ਉਨ੍ਹਾਂ ਨੂੰ ਲੱਗਾ ਕਿ ਯਾਕੂਬ ਉਨ੍ਹਾਂ ਦਾ ਹਮਾਇਤੀ ਹੈ।

[31]ਰਸੂਲਾਂ ਦੇ ਕੰਮ 15:13-21 ਤੇ ਨੋਟਸ ਵੇਖੋ। [32]ਚਿੱਠੀ ਅੰਤਾਕੀਆ ਦੇ ਆਲੇ ਦੁਆਲੇ ਦੇ ਇਲਾਕਿਆਂ ਦੇ ਨਾਂਅ ਸੀ। [33]''ਝਗੜਾ ਨਬੇੜਨ ਦੇ ਹੋਰ ਨੁਸਖੇ'' ਪਾਠ ਵਿਚ 28 ਅਤੇ 29 ਆਇਤਾਂ ਤੇ ਨੋਟਸ ਵੇਖੋ। [34]ਪਰੰਪਰਾਵਾਦ ਦੇ ਖ਼ਿਲਾਫ਼ ਯਿਸੂ ਦੀ ਚਿਤਾਵਨੀ ਮਹੱਤਵਪੂਰਣ ਹੈ, ਪਰ ਕਈਆਂ ਨੇ ਇਸ ਸਿੱਖਿਆ ਦੀ ਅਤਿ ਹੀ ਕਰ ਦਿੱਤੀ ਹੈ। ਉਹ ਆਪ ਹੀ ''ਅਸੀਂ ਤਾਂ ਇੰਜ ਹੀ ਕਰਦੇ ਹਾਂ'' ਦੀ ਤੁਲਨਾ ''ਮਨੁੱਖ ਦੀ ਪਰੰਪਰਾ'' ਨਾਲ ਕਰਦੇ ਹਨ। ਇਹ ਬਹੁਤ ਸਾਰੀਆਂ ਪਰੰਪਰਾਵਾਂ ਵਿਚ ਹੁੰਦਾ ਹੈ, ਪਰ ਸਭ ਲਈ ਨਹੀਂ। ਮਸੀਹ ਦੀਆਂ ਕਲੀਸੀਆਵਾਂ *ਹਮੇਸ਼ਾ* ਬਾਈਬਲ ਨੂੰ ਸਿਖਾਉਣ ਤੇ ਜ਼ੋਰ ਦਿੰਦੀਆਂ ਹਨ, ਪਰ ਇਹਦਾ ਮਤਲਬ ਇਹ ਨਹੀਂ ਹੈ ਕਿ ਇਹ ਮਨੁੱਖ ਦੀ ਪਰੰਪਰਾ ਹੈ ਜਿਸ ਨੂੰ ਬੰਦ ਕਰ ਦੇਣਾ ਚਾਹੀਦਾ ਹੈ। ਕਈ ਕੰਮ ਜੋ ''ਇਕ ਖ਼ਾਸ ਢੰਗ ਨਾਲ ਕੀਤੇ ਜਾਂਦੇ ਹਨ'' ਉਵੇਂ ਇਸ ਕਰਕੇ ਨਹੀਂ ਕੀਤੇ ਜਾਂਦੇ ਕਿ ਉਹ ਮਨੁੱਖ ਦੀ ਪਰੰਪਰਾ ਹੈ, ਸਗੋਂ ਇਸ ਲਈ ਕੀਤੇ ਜਾਂਦੇ ਹਨ ਕਿਉਂਕਿ ਉਹ ਖ਼ੁਦਾਈ ਪਰੰਪਰਾ ਹੈ (2 ਥੱਸਲੁਨੀਕੀਆਂ 3:6)। ਉਨ੍ਹਾਂ ਤੋਂ ਚੌਕਸ ਰਹੋ। ਜੋ ਕਿਸੇ ਵੀ ਰਵਾਇਤ ਨੂੰ ਮਿਲਾ ਕੇ ਉਸ ਨੂੰ ''ਪਰੰਪਰਾਵਾਦ'' ਦਾ ਨਾਂਅ ਦੇ ਦਿੰਦੇ ਹਨ। ਹਰ ਰਵਾਇਤ ਤੇ ਫ਼ੈਸਲੇ ਲਈ ਉਸ ਨੂੰ ਖ਼ੁਦਾ ਦੇ ਵਚਨ ਦੇ ਮੁਕਾਸ਼ਫ਼ੇ ਦੀ ਰੌਸ਼ਨੀ ਵਿਚ ਪਰਖਿਆ ਜਾਣਾ ਚਾਹੀਦਾ ਹੈ ਕਿ ਉਹ ਮਨੁੱਖ ਦੀ ਪਰੰਪਰਾ ਹੈ ਜਾਂ ਖ਼ੁਦਾਈ ਪਰੰਪਰਾ। [35]ਗਿਣਤੀ 11:5 ਵਿਚ ਇਸਰਾਏਲੀਆਂ ਦੇ ਵਿਹਾਰ ਤੇ ਧਿਆਨ ਦਿਓ। [36]ਇਕ ਉਦਾਹਰਣ ਲਈ, ''ਪਹਿਲਾਂ ਅੰਤਾਕੀਆ ਵਿਚ '' ਪਾਠ ਵਿਚ ਰਸੂਲਾਂ ਦੇ ਕੰਮ 11:29, 30 ਤੇ ਨੋਟਸ ਵੇਖੋ। [37]ਉਦਾਹਰਣ ਲਈ ਜਦ ਖ਼ੁਦਾ ਸਾਨੂੰ ਦੱਸਦਾ ਹੈ ਕਿ *ਕੀ* ਕਰਨਾ ਹੈ, ਪਰ ਇਹ ਸਾਫ਼ ਨਹੀਂ ਕਰਦਾ ਕਿ ਇਸ ਨੂੰ *ਕਿਵੇਂ* ਕਰਨਾ ਹੈ ਤਾਂ ਸਾਨੂੰ ਆਪਣੀ ਮਰਜ਼ੀ ਨਾਲ ਕੋਈ ਵੀ ਢੰਗ ਵਰਤਣ ਦੀ ਖੁੱਲ੍ਹ ਹੈ। [38]ਕਈ ਤਰ੍ਹਾਂ ਨਾਲ ਮਸੀਹ ਦੀਆਂ ਸ਼ਰਤਾਂ ਪੁਰਾਣੇ ਨੇਮ ਦੀਆਂ ਸ਼ਰਤਾਂ ਨਾਲੋਂ ਔਖੀਆਂ ਹਨ (ਮੱਤੀ 5 ਵਿਚ ''ਪਰ ਮੈਂ ਤੁਹਾਨੂੰ ਆਖਦਾ ਹਾਂ'' ਵਾਲੇ ਭਾਗ ਵੇਖੋ)। [39]ਇਸ ਦਸਤਾਵੇਜ਼ ਨਾਲ ਸਭ ਗੁਲਾਮਾਂ ਨੂੰ ਅਜ਼ਾਦ ਕਰਨ ਦਾ ਐਲਾਨ ਹੋਇਆ। [40]ਜੇ ਇਸ ਪਾਠ ਨੂੰ ਉਪਦੇਸ਼ ਦੇ ਰੂਪ ਵਿਚ ਵਰਤਿਆ ਜਾਂਦਾ ਹੈ ਅਤੇ ਤੁਸੀਂ ਇੰਜੀਲ ਨੂੰ ਕਬੂਲ ਕਰਨ ਦਾ ਸੱਦਾ ਦਿੰਦੇ ਹੋ ਤਾਂ ਦੱਸੋ ਕਿ ਸਾਡੀ ਨਜਾਤ ਦਾ ''ਦਰਵਾਜ਼ਾ ਠ੍ਹਾ ਕਰਕੇ ਬੰਦ ਕਰਨ ਵਾਲਾ'' ਸਭ ਤੋਂ ਵੱਡਾ *ਪਾਪੀ* ਹੈ। ਅਜ਼ਾਦੀ ਸਿਰਫ਼ ''ਮਸੀਹ ਵਿਚ'' ਹੀ ਮਿਲਦੀ ਹੈ। ਇਸ ਲਈ ਇਹ ਵਿਖਾਉਣ ਲਈ ਕਿ ''ਮਸੀਹ ਵਿਚ'' ਆਉਣ ਲਈ ਖ਼ੁਦਾ ਨੇ ਕੀ ਕਿਹਾ ਹੈ, ਸੱਦੇ ਵਿਚ ਤੁਸੀਂ ਗਲਾਤੀਆਂ 3:26, 27 ਦੀ ਵਰਤੋਂ ਕਰ ਸਕਦੇ ਹੋ।

© 2009 Truth for Today